SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 23* Issue 05 | Monday, January 08, 2024 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਅਪਾਰਟਮੈਂਟ ਵਿੱਚੋਂ ਮਿਲੀ ਲਾਸ਼, ਪੁਲਿਸ ਕਰ ਰਹੀ ਹੈ ਜਾਂਚ



ਨੌਰਥ ਯੌਰਕ, 7 ਜਨਵਰੀ (ਪੋਸਟ ਬਿਊਰੋ) : ਨੌਰਥ ਯੌਰਕ ਅਪਾਰਟਮੈਂਟ ਬਿਲਡਿੰਗ ਵਿੱਚ ਇੱਕ 76 ਸਾਲਾ ਵਿਅਕਤੀ ਦੀ ਲਾਸ਼ ਮਿਲਣ ਤੋਂ ਬਾਅਦ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਸ਼ੁੱਕਰਵਾਰ ਨੂੰ ਜਾਂਚਕਾਰਾਂ ਨੇ ਦੱਸਿਆ ਕਿ ਇਸ ਵਿਅਕਤੀ ਦੀ ਲਾਸ਼ ਜੇਨ ਸਟਰੀਟ ਤੇ ਵਿਲਸਨ ਐਵਨਿਊ ਇਲਾਕੇ ਦੇ ਇੱਕ ਅਪਾਰਟਮੈਂਟ ਵਿੱਚ ਮਿਲੀ। ਪੁਲਿਸ ਨੇ ਦੱਸਿਆ ਕਿ ਵਿਅਕਤੀ ਦੇ ਸ਼ਰੀਰ ਉੱਤੇ ਸੱਟਾਂ ਦੇ ਨਿਸ਼ਾਨ ਸਨ ਤੇ ਪੋਸਟ ਮਾਰਟਮ ਤੋਂ ਬਾਅਦ ਇਹ ਸਪਸ਼ਟ ਹੋ ਗਿਆ ਕਿ ਇਸ ਵਿਅਕਤੀ ਦਾ ਕਤਲ ਕੀਤਾ ਗਿਆ ਹੈ।

ਪੁਲਿਸ ਨੇ ਵਿਅਕਤੀ ਦੀ ਪਛਾਣ ਟਰੈਵਰ ਐਲਫੌਂਸੋ ਕੈਂਪਬੈਲ ਵਜੋਂ ਕੀਤੀ ਹੈ ਤੇ ਪੁਲਿਸ ਇਹ ਪਤਾ ਲਾਉਣ ਦੀ ਵੀ ਕੋਸ਼ਿਸ਼ ਕਰ ਰਹੀ ਹੈ ਕਿ ਜਿਸ ਦਿਨ ਇਹ ਵਿਅਕਤੀ ਮਾਰਿਆ ਗਿਆ ਉਸ ਤੋਂ ਪਹਿਲੇ ਦਿਨਾਂ ਵਿੱਚ ਉਹ ਕੀ ਕਰ ਰਿਹਾ ਸੀ। ਇਸ ਸਬੰਧ ਵਿੱਚ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਰੱਖਣ ਵਾਲਿਆਂ ਨੂੰ ਪੁਲਿਸ ਨੇ ਉਨ੍ਹਾਂ ਨਾਲ ਸੰਪਰਕ ਕਰਨ ਲਈ ਵੀ ਆਖਿਆ ਹੈ।

## ਕੈਨੇਡਾ ਵਿੱਚ ਇਲੈਕਟ੍ਰਿਕ ਵ੍ਹੀਕਲ ਤੇ ਬੈਟਰੀ ਪਲਾਂਟ ਲਾਉਣ ਬਾਰੇ ਵਿਚਾਰ ਕਰ ਰਹੀ ਹੈ ਹੌਂਡਾ



ਓਨਟਾਰੀਓ, 7 ਜਨਵਰੀ (ਪੋਸਟ ਬਿਊਰੋ) : ਹੌਂਡਾ ਮੋਟਰ ਕਾਰਪੋਰੇਸ਼ਨ ਲਿਮਟਿਡ ਕੈਨੇਡਾ ਵਿੱਚ ਇਲੈਕਟ੍ਰਿਕ ਵ੍ਹੀਕਲ ਪਲਾਂਟ ਉੱਤੇ 18•4 ਬਿਲੀਅਨ ਡਾਲਰ ਤੋਂ ਵੱਧ ਦਾ ਨਿਵੇਸ਼ ਕਰਨ ਬਾਰੇ ਵਿਚਾਰ ਕਰ ਰਹੀ ਹੈ। ਇਸ ਦਾ ਖੁਲਾਸਾ ਜਪਾਨ ਦੀ ਇਸ ਕੰਪਨੀ ਦੇ ਨਵੇਂ ਆਊਟਲੈਟ ਵੱਲੋਂ ਜਾਰੀ ਰਿਪੋਰਟ ਵਿੱਚ ਕੀਤਾ ਗਿਆ।

ਐਤਵਾਰ ਨੂੰ ਨਿੱਕੇਈ ਏਸ਼ੀਆ ਨੇ ਆਖਿਆ ਕਿ ਇਲੈਕਟ੍ਰਿਕ ਵ੍ਹੀਕਲਜ਼ ਦੀ ਮਾਰਕਿਟ ਵਿੱਚ ਆਪਣੀ ਪੈਠ ਬਣਾਉਣ ਲਈ ਹੌਂਡਾ ਦੇਸ਼ ਵਿੱਚ ਵ੍ਹੀਕਲ ਤੇ ਬੈਟਰੀ ਪਲਾਂਟ ਲਾਉਣ ਬਾਰੇ ਵਿਚਾਰ ਕਰ ਰਹੀ ਹੈ। ਰਿਪੋਰਟ ਵਿੱਚ ਆਖਿਆ ਗਿਆ ਕਿ ਹੌਂਡਾ ਕਈ ਸਾਈਟਸ ਦਾ ਮੁਆਇਨਾ ਵੀ ਕਰ ਰਹੀ ਹੈ, ਇਨ੍ਹਾਂ ਵਿੱਚ ਐਲਿਸਟਨ, ਓਨਟਾਰੀਓ ਦਾ ਕੰਪਨੀ ਦਾ ਮੌਜੂਦਾ ਪਲਾਂਟ ਵੀ ਸ਼ਾਮਲ ਹੈ, ਜਿਸ ਦੇ ਨਾਲ ਹੀ ਨਵਾਂ ਪਲਾਂਟ ਲਾਉਣ ਦੀ ਸੰਭਾਵਨਾ ਵਧੇਰੇ ਹੈ। ਇਸ ਨਿਵੇਸ਼ ਸਬੰਧੀ ਫੈਸਲਾ ਇਸ ਸਾਲ ਦੇ ਅੰਤ ਤੱਕ ਲੈ ਲਿਆ ਜਾਵੇਗਾ।

ਇਸ ਬਾਰੇ ਟਿੱਪਣੀ ਲਈ ਜਦੋਂ ਹੌਂਡਾ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਕੰਪਨੀ ਵੱਲੋਂ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਗਈ। ਇਸ ਦੇ ਨਾਲ ਹੀ ਇੰਡਸਟਰੀ ਮੰਤਰੀ ਫਰੈਂਕੋਇਸ ਫਿਲਿਪ ਸ਼ੈਂਪੇਨ ਵੱਲੋਂ ਵੀ ਇਹ ਪੁਸ਼ਟੀ ਨਹੀਂ ਕੀਤੀ ਗਈ ਕਿ ਕੰਪਨੀ ਤੇ ਸਰਕਾਰ ਦਰਮਿਆਨ ਇਸ ਤਰ੍ਹਾਂ ਦੀ ਕੋਈ ਗੱਲਬਾਤ ਚੱਲ ਰਹੀ ਹੈ।

## ਅਮਰੀਕਾ ਵਿਚ ਬੋਇੰਗ 737-9 ਮੈਕਸ ਜਹਾਜ਼ਾਂ ਦੀਆਂ ਉਡਾਨਾਂ 'ਤੇ ਪਾਬੰਦੀ

### 16 ਹਜ਼ਾਰ ਫੁੱਟ ਦੀ ਉਚਾਈ 'ਤੇ ਜਹਾਜ਼ ਦਾ ਦਰਵਾਜ਼ਾ ਉਖੜਨ ਤੋਂ ਬਾਅਦ ਲਿਆ ਗਿਆ ਫੈਸਲਾ





ਵਾਸ਼ਿੰਗਟਨ। 7 ਜਨਵਰੀ (ਪੋਸਟ ਬਿਊਰੋ): ਅਮਰੀਕਾ ਵਿਚ ਬੋਇੰਗ 737-9 ਮੈਕਸ ਜਹਾਜ਼ ਦੀ ਉਡਾਨ 'ਤੇ ਅਸਥਾਈ ਪਾਬੰਦੀ ਲਗਾ ਦਿੱਤੀ ਗਈ ਹੈ। ਅਮਰੀਕੀ ਹਵਾਬਾਜ਼ੀ ਰੈਗੂਲੇਟਰ ਨੇ ਸ਼ਨੀਵਾਰ ਦੇਰ ਰਾਤ ਇਹ ਹੁਕਮ ਜਾਰੀ ਕੀਤਾ। ਰੈਗੂਲੇਟਰ ਨੇ ਇਹ ਕਦਮ ਅਲਾਸਕਾ ਏਅਰਲਾਈਨਜ਼ ਦੇ ਬੋਇੰਗ 737-9 ਮੈਕਸ ਜਹਾਜ਼ ਦਾ ਦਰਵਾਜ਼ਾ ਹਵਾ 'ਚ ਉਖੜਨ ਤੋਂ ਬਾਅਦ ਚੁੱਕਿਆ ਹੈ।

ਇਸ ਹੁਕਮ ਤੋਂ ਬਾਅਦ ਬੋਇੰਗ 737-9 ਮੈਕਸ ਸੀਰੀਜ਼ ਦੇ ਕਰੀਬ 171 ਜਹਾਜ਼ ਅਮਰੀਕਾ 'ਚ ਉਡਾਨ ਨਹੀਂ ਭਰ ਸਕਣਗੇ। ਭਾਰਤ ਦੇ ਹਵਾਬਾਜ਼ੀ ਰੈਗੂਲੇਟਰ ਡੀਜੀਸੀਏ ਨੇ ਵੀ ਏਅਰਲਾਈਨ ਕੰਪਨੀਆਂ ਨੂੰ ਆਪਣੇ ਬੇੜੇ ਵਿੱਚ ਸ਼ਾਮਿਲ ਬੋਇੰਗ 737-8 ਮੈਕਸ ਜਹਾਜ਼ਾਂ ਦੇ ਐਮਰਜੈਂਸੀ ਐਗਜ਼ਿਟ ਦਰਵਾਜ਼ਿਆਂ ਦੀ ਜਾਂਚ ਕਰਨ ਲਈ ਕਿਹਾ ਹੈ।

**ਜਹਾਜ਼ ਦਾ ਦਰਵਾਜ਼ਾ 16 ਹਜ਼ਾਰ ਫੁੱਟ ਦੀ ਉਚਾਈ 'ਤੇ ਟੁੱਟਿਆ**

ਅਲਾਸਕਾ ਏਅਰਲਾਈਨਜ਼ ਦੇ ਬੋਇੰਗ 737-9 ਸੀਰੀਜ਼ ਦੇ ਜਹਾਜ਼ ਦਾ ਐਮਰਜੈਂਸੀ ਐਗਜ਼ਿਟ ਦਰਵਾਜ਼ਾ 16 ਹਜ਼ਾਰ ਫੁੱਟ ਦੀ ਉਚਾਈ 'ਤੇ ਉਖੜ ਗਿਆ। ਏਅਰਲਾਈਨਜ਼ ਮੁਤਾਬਕ ਜਹਾਜ਼ 'ਚ 171 ਯਾਤਰੀ ਅਤੇ ਚਾਲਕ ਦਲ ਦੇ 6 ਮੈਂਬਰ ਸਵਾਰ ਸਨ। ਇਹ ਘਟਨਾ ਸ਼ਨੀਵਾਰ ਨੂੰ ਵਾਪਰੀ, ਜਦੋਂ ਜਹਾਜ਼ ਪੋਰਟਲੈਂਡ, ਕੈਲੀਫੋਰਨੀਆ ਤੋਂ ਓਨਟਾਰੀਓ ਜਾ ਰਿਹਾ ਸੀ। ਉਡਾਨ ਭਰਨ ਤੋਂ ਬਾਅਦ, ਜਹਾਜ਼ ਦਾ ਦਰਵਾਜ਼ਾ ਟੁੱਟ ਗਿਆ ਅਤੇ 16.32 ਹਜ਼ਾਰ ਫੁੱਟ ਦੀ ਉਚਾਈ 'ਤੇ ਹਵਾ ਵਿਚ ਉੱਡ ਗਿਆ।

ਦਰਵਾਜ਼ਾ ਫਟਣ ਕਾਰਨ ਨਾਲ ਵਾਲੀ ਸੀਟ 'ਤੇ ਬੈਠੇ ਬੱਚੇ ਦੀ ਕਮੀਜ਼ ਫਟ ਗਈ। ਕੁਝ ਯਾਤਰੀਆਂ ਦੇ ਫ਼ੋਨ ਵੀ ਹਵਾ ਵਿੱਚ ਉੱਡ ਗਏ। ਹਾਲਾਂਕਿ ਬੱਚੇ ਦੀ ਮਾਂ ਨੇ ਉਸ ਨੂੰ ਜਹਾਜ਼ ਵਿਚੋਂ ਡਿੱਗਣ ਤੋਂ ਬਚਾ ਲਿਆ। ਇਸ ਤੋਂ ਬਾਅਦ ਜਹਾਜ਼ ਨੇ ਐਮਰਜੈਂਸੀ ਲੈਂਡਿੰਗ ਕਰਵਾਈ।

## ਪ੍ਰਧਾਨ ਮੰਤਰੀ ਮੋਦੀ ਦੇ ਲਕਸ਼ਦੀਪ ਦੌਰੇ 'ਤੇ 'ਅਪਮਾਨਜਨਕ' ਟਿੱਪਣੀ ਕਰਨ 'ਤੇ ਮਾਲਦੀਵ ਦੇ 3 ਮੰਤਰੀ ਮੁਅੱਤਲ



ਮਾਲੇ, 7 ਜਨਵਰੀ (ਪੋਸਟ ਬਿਊਰੋ): ਮਾਲਦੀਵ ਦੀ ਸਰਕਾਰ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ 'ਅਪਮਾਨ-ਜਨਕ' ਟਿੱਪਣੀ ਕਰਨ ਲਈ ਆਪਣੀ ਮੰਤਰੀ ਮਰੀਅਮ ਸ਼ਿਊਨਾ ਸਮੇਤ ਤਿੰਨ ਲੋਕਾਂ ਨੂੰ ਮੁਅੱਤਲ ਕਰ ਦਿੱਤਾ ਹੈ। ਮਾਲਦੀਵ ਦੇ ਸਥਾਨਕ ਮੀਡੀਆ ਅਟੋਲ ਟਾਈਮਜ਼ ਦੀ ਰਿਪੋਰਟ ਅਨੁਸਾਰ, ਮੁਇਜ਼ੂ ਸਰਕਾਰ ਨੇ ਆਪਣੇ ਤਿੰਨ ਮੰਤਰੀਆਂ - ਮਰੀਅਮ ਸ਼ੀਆਨਾ, ਮਲਸ਼ਾ ਅਤੇ ਹਸਨ ਜਹਾਨ ਸਮੇਤ-ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਲਕਸ਼ਦੀਪ ਦੌਰੇ ਤੋਂ ਬਾਅਦ ਅਸ਼ਲੀਲ ਟਿੱਪਣੀਆਂ ਕਰਨ ਲਈ ਇਹ ਸਖ਼ਤ ਕਾਰਵਾਈ ਕੀਤੀ ਹੈ।

ਇਸ ਤੋਂ ਪਹਿਲਾਂ, ਮਾਲਦੀਵ ਸਰਕਾਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਲਕਸ਼ਦੀਪ ਦੌਰੇ 'ਤੇ ਮੰਤਰੀ ਮਰੀਅਮ ਸ਼ਿਓਨਾ ਦੀਆਂ ਟਿੱਪਣੀਆਂ 'ਤੇ ਆਪਣਾ ਸਟੈਂਡ ਸਪੱਸ਼ਟ ਕਰਦੇ ਹੋਏ ਇਕ ਬਿਆਨ ਜਾਰੀ ਕੀਤਾ ਸੀ। ਮਾਲਦੀਵ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਮੋਦੀ 'ਤੇ ਇਸ ਦੇ ਮੰਤਰੀ ਦੀ ਟਿੱਪਣੀ ਤੋਂ ਬਾਅਦ ਦੇਸ਼ ਨੇ ਅਚਾਨਕ ਭਾਰਤ ਤੋਂ ਸੈਲਾਨੀਆਂ ਨੂੰ ਰੱਦ ਕਰਨ ਵਿੱਚ ਭਾਰੀ ਵਾਧਾ ਦੇਖਣ ਤੋਂ ਬਾਅਦ ਉਹ ਅਜਿਹੀਆਂ "ਅਪਮਾਨਜਨਕ ਟਿੱਪਣੀਆਂ" ਕਰਨ ਵਾਲਿਆਂ ਵਿਰੁੱਧ ਕਾਰਵਾਈ ਕਰਨ ਤੋਂ ਸੰਕੋਚ ਨਹੀਂ ਕਰਨਗੇ। ਐਤਵਾਰ ਨੂੰ ਇੱਕ ਬਿਆਨ ਵਿੱਚ, ਮਾਲਦੀਵ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਉਹ "ਵਿਦੇਸ਼ੀ ਨੇਤਾਵਾਂ ਅਤੇ ਉੱਚ ਦਰਜੇ ਦੇ ਵਿਅਕਤੀਆਂ ਵਿਰੁੱਧ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਅਪਮਾਨਜਨਕ ਟਿੱਪਣੀਆਂ" ਤੋਂ ਜਾਣੂ ਸਨ। ਪਿਛਲੇ ਹਫਤੇ, ਸੋਸ਼ਲ ਮੀਡੀਆ 'ਤੇ ਇਕ ਵਿਵਾਦ ਖੜ੍ਹਾ ਹੋ ਗਿਆ ਜਦੋਂ ਮਾਲਦੀਵ ਦੇ ਇਕ ਮੰਤਰੀ, ਮਰੀਅਮ ਸ਼ਿਓਨਾ ਅਤੇ ਕੁਝ ਹੋਰ ਨੇਤਾਵਾਂ ਨੇ ਪ੍ਰਧਾਨ ਮੰਤਰੀ ਮੋਦੀ ਦੇ ਖਿਲਾਫ ਅਪਮਾਨਜਨਕ ਟਿੱਪਣੀਆਂ ਕੀਤੀਆਂ ਜਦੋਂ ਉਨ੍ਹਾਂ ਨੇ ਲਕਸ਼ਦੀਪ ਦੇ ਇਕ ਪ੍ਰਾਚੀਨ ਬੀਚ 'ਤੇ ਉਨ੍ਹਾਂ ਦੀ ਵੀਡੀਓ ਪੋਸਟ ਕੀਤੀ।

ਮਾਲਦੀਵ ਵਿੱਚ ਮੁਹੰਮਦ ਮੁਈਜ਼ੂ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਰਿਸ਼ਤੇ ਤਣਾਅਪੂਰਨ ਹੋ ਗਏ ਹਨ। ਮੁਈਜ਼ੂ ਨੂੰ ਚੀਨ ਦਾ ਸਮਰਥਕ ਮੰਨਿਆ ਜਾਂਦਾ ਹੈ। ਕਰੀਬ 2 ਮਹੀਨੇ ਪਹਿਲਾਂ ਮਾਲਦੀਵ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਮੁਈਜ਼ੂ ਨੇ ਭਾਰਤੀ ਫੌਜ ਨੂੰ ਆਪਣੇ ਦੇਸ਼ ਤੋਂ ਹਟਾਉਣ ਦਾ ਪਹਿਲਾ ਫੈਸਲਾ ਲਿਆ ਸੀ। ਉਹ ਅਕਸਰ ਭਾਰਤ ਵਿਰੋਧੀ ਬਿਆਨ ਦੇਣ ਲਈ ਜਾਣੇ ਜਾਂਦੇ ਹਨ। ਮੁਈਜ਼ੂ ਨੇ ਮਾਲਦੀਵ ਸਰਕਾਰ ਦੀ ਪਰੰਪਰਾ ਨੂੰ ਤੋੜ ਕੇ ਅਤੇ ਦੋ ਮੁਸਲਿਮ ਦੇਸ਼ਾਂ ਦਾ ਦੌਰਾ ਕਰਨ ਦਾ ਫੈਸਲਾ ਕਰਕੇ ਭਾਰਤ ਨਾਲ ਆਪਣੇ ਸਬੰਧਾਂ ਨੂੰ ਹੋਰ ਵਿਗਾੜ ਦਿੱਤਾ। ਮੁਸਲਿਮ ਦੇਸ਼ ਤੁਰਕੀ ਦਾ ਪਹਿਲਾ ਦੌਰਾ ਕਰਨ ਤੋਂ ਬਾਅਦ ਮੁਈਜ਼ੂ ਨੇ ਹੁਣ ਭਾਰਤ ਨੂੰ ਪਛਾੜਦੇ ਹੋਏ 8 ਜਨਵਰੀ ਤੋਂ ਚੀਨ ਦਾ ਦੌਰਾ ਕਰਨ ਨੂੰ ਤਰਜੀਹ ਦਿੱਤੀ ਹੈ।

## 35 ਸਾਲਾ ਵਿਅਕਤੀ ਦੇ ਕਤਲ ਦੀ ਜਾਂਚ ਕਰ ਰਹੀ ਹੈ ਪੁਲਿਸ



ਓਨਟਾਰੀਓ, 7 ਜਨਵਰੀ (ਪੋਸਟ ਬਿਊਰੋ) : ਸ਼ਨਿੱਚਰਵਾਰ ਰਾਤ ਨੂੰ ਪਾਰਕਡੇਲ ਵਿੱਚ ਇੱਕ 35 ਸਾਲਾ ਵਿਅਕਤੀ ਦੀ ਹੋਈ ਮੌਤ ਦੇ ਮਾਮਲੇ ਦੀ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਜਾਂਚਕਾਰਾਂ ਨੇ ਦੱਸਿਆ ਕਿ ਕੁਈਨ ਸਟਰੀਟ ਵੈਸਟ ਤੇ ਕੈਲੇਂਡਰ ਸਟਰੀਟ ਇਲਾਕੇ ਵਿੱਚ ਰਾਤੀਂ 11:45 ਦੇ ਨੇੜੇ ਤੇੜੇ ਇੱਕ ਵਿਅਕਤੀ ਗੰਭੀਰ ਜ਼ਖ਼ਮੀ ਹਾਲਤ ਵਿੱਚ ਮਿਲਿਆ। ਮੌਕੇ ਉੱਤੇ ਹੀ ਉਸ ਦੀ ਜਾਨ ਬਚਾਉਣ ਲਈ ਸਾਰੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਤੇ ਫਿਰ ਉਸ ਨੂੰ ਟਰੌਮਾ ਸੈਂਟਰ ਭੇਜ ਦਿੱਤਾ ਗਿਆ, ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਵੱਲੋਂ ਇਹ ਜਾਣਕਾਰੀ ਨਹੀਂ ਦਿੱਤੀ ਗਈ ਕਿ ਉਸ ਵਿਅਕਤੀ ਨੂੰ ਕਿਸ ਤਰ੍ਹਾਂ ਦੀਆਂ ਸੱਟਾਂ ਲੱਗੀਆਂ ਸਨ ਪਰ ਪੁਲਿਸ ਵੱਲੋਂ ਇਹ ਜ਼ਰੂਰ ਆਖਿਆ ਗਿਆ ਕਿ ਇਸ ਘਟਨਾ ਨੂੰ ਕਤਲ ਮੰਨ ਕੇ ਉਹ ਮਾਮਲੇ ਦੀ ਜਾਂਚ ਕਰ ਰਹੀ ਹੈ।

ਮ੍ਰਿਤਕ ਦੀ ਪਛਾਣ ਟੋਰਾਂਟੋ ਦੇ ਸਕੌਟ ਰੌਬਰਟ ਪਾਰਟਿੰਗਟਨ ਵਜੋਂ ਕੀਤੀ ਗਈ ਹੈ। ਇਸ ਸਮੇਂ ਕਿਸੇ ਵੀ ਮਸ਼ਕੂਕ ਸਬੰਧੀ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ।

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI
416.994.7272
www.allkindinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
www.ksgpestcontrol.ca
ksgpestcontrol@gmail.com
KSG Pest Control Inc.
Amarjeet Singh Gill

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate
Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

MagGas Medical Brampton
MGM
(647) 954-9885
20 Maritime Ont Blvd Unit 15
Brampton, ON L6S 0C2

SUPER VISA INSURANCE EXPERTS
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
Ph: 416.724.5000
7003 Steeles Ave. W, Unit 10, Etobicoke, ON, M9W 0A2
gill@punjabinsurance.ca
topinsuranceservices.ca

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਮੁਫਤ ਪਿਕਅਪ ਅਤੇ ਡਰਾਪ ਆਫ਼
ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Royal Pest Control
Residential Commercial Industrial
Specialist in Bedbugs Service
All Pest Control :
Mouse & Rats
Spiders & Fleas
Bedbugs
Wasps
Cockroaches
Carpenter Ants
Silver Fish
Racoons
Call : PARESH PATEL
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial
Brokerage Lic. 12538
Cell: 416-841-4218 Tel: 905-216-5563
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਅੱਜ ਨਾਮਾ

ਕਾਂਗਰਸ ਦਬਕੇ ਡਸਿਪਲਿਨ ਦੇ ਲੱਖ ਮਾਰੇ,
ਕਰਦਾ ਨਵਜੋਤ ਨਹੀਂ ਕੋਈ ਪ੍ਰਵਾਹ ਮੀਆਂ।
ਰੈਲੀਆਂ-ਜਲਸਿਆਂ ਦੀ ਬੰਨ੍ਹਦਾ ਲੜੀ ਜਾਵੇ,
ਲੈਂਦਾ ਉਹ ਜਾਪਦਾਕਦੇ ਨਹੀਂ ਸਾਹ ਮੀਆਂ।
ਦੌੜਦੀ ਲੋਕਾਂ ਦੀ ਆਉਂਦੀ ਆ ਭੀੜ ਭਾਰੀ,
ਚੜ੍ਹਿਆ ਹੁੰਦਾ ਈ ਜਿੱਦਾਂ ਉਤਸ਼ਾਹ ਮੀਆਂ।
ਲੱਭਦੀ ਵਿਹਲੀ ਪੰਡਾਲ ਵਿੱਚ ਨਹੀਂ ਨੁੱਕਰ,
ਵਗ ਰਹੇ ਵਹਿਣ ਵਾਂਗ ਚੱਲਣ ਰਾਹ ਮੀਆਂ।
ਨਿੱਤ ਦਿਨਦਬਕਾ ਪਈ ਪਾਰਟੀ ਮਾਰਦੀ ਊ,
ਅਗਲੇ ਕਦਮ ਨਹੀਂ ਸਕੀ ਓਹ ਚੁੱਕ ਮੀਆਂ।
ਸਾਰੀ ਕਾਂਗਰਸ ਤਾਂ ਖਿਝੀ ਜਾਏ ਇੱਕ ਪਾਸੇ,
ਇਕੱਲਾ ਜ਼ਖਮਾਂ'ਤੇ ਲੂਣ ਰਿਹਾ ਭੁੱਕ ਮੀਆਂ।

**ਤੀਸ ਮਾਰ ਖਾਂ**

# ਟਰੰਪ ਨੇ ਜਿਸ ਦਵਾਈ ਨੂੰ ਕਿਹਾ ਸੀ ਚਮਤਕਾਰੀ, ਉਸ ਨਾਲ 6 ਦੇਸ਼ਾਂ ਵਿੱਚ ਹੋਈਆਂ 17 ਹਜ਼ਾਰ ਮੌਤਾਂ

ਪੈਰਿਸ। 7 ਜਨਵਰੀ (ਪੋਸਟ ਬਿਊਰੋ): 2020 ਵਿਚ ਤਤਕਾਲੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੋਰੋਨਾ ਤੋਂ ਬਚਾਅ ਲਈ ਇੱਕ ਦਵਾਈ ਦਾ ਪ੍ਰਚਾਰ ਕੀਤਾ ਸੀ। ਹੁਣ ਇੱਕ ਰਿਪੋਰਟ ਸਾਹਮਣੇ ਆਈ ਹੈ ਕਿ ਇਸ ਦਵਾਈ ਕਾਰਨ 6 ਦੇਸ਼ਾਂ ਵਿੱਚ 17 ਹਜ਼ਾਰ ਲੋਕਾਂ ਦੀ ਮੌਤ ਹੋ ਗਈ ਹੈ। ਇਹ ਰਿਪੋਰਟ ਫਰਾਂਸੀਸੀ ਖੋਜਕਰਤਾਵਾਂ ਦੇ ਅਧਿਐਨ ਦੇ ਹਵਾਲੇ ਨਾਲ ਸਾਹਮਣੇ ਆਈ ਹੈ।




ਰਿਪੋਰਟ ਵਿੱਚ ਦੱਸੀ ਗਈ ਦਵਾਈ ਦਾ ਨਾਮ ਹਾਈਡ੍ਰੋਕਸਾਈਕਲੋਰੋਕਿਨ ਹੈ। ਟਰੰਪ ਨੇ 21 ਮਾਰਚ, 2020 ਨੂੰ ਇੱਕ ਟਵੀਟ ਕੀਤਾ ਸੀ। ਇਸ ਵਿੱਚ ਕਿਹਾ ਗਿਆ ਸੀ ਕਿ ਇਹ ਇੱਕ ਚਮਤਕਾਰੀ ਦਵਾਈ ਹੈ। ਮੈਂ ਕੋਰੋਨਾ ਵਾਇਰਸ ਦੀ ਲਾਗ ਤੋਂ ਬਚਣ ਲਈ ਇਸ ਨੂੰ ਲਗਾਤਾਰ ਖਾ ਰਿਹਾ ਹਾਂ। ਕਰੋਨਾ ਤੋਂ ਬਚਣ ਲਈ ਤੁਸੀਂ ਇਸ ਨੂੰ ਖਾ ਸਕਦੇ ਹੋ। ਇਸ ਨਾਲ ਕੋਈ ਨਹੀਂ ਮਰੇਗਾ। ਇੱਕ ਕੋਰੋਨਾ ਸੰਕਰਮਿਤ ਔਰਤ ਨੇ ਇਹ ਦਵਾਈ ਪੀ ਲਈ ਅਤੇ ਉਹ ਠੀਕ ਹੋ ਗਈ। ਅਮਰੀਕਾ ਦੇ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ (ਐੱਫ.ਡੀ.ਏ.) ਨੇ ਐਮਰਜੈਂਸੀ ਵਿੱਚ ਇਸ ਦਵਾਈ ਦੀ ਵਰਤੋਂ ਨੂੰ ਮਨਜ਼ੂਰੀ ਦੇ ਕੇ ਬਹੁਤ ਵਧੀਆ ਕੰਮ ਕੀਤਾ ਹੈ।

ਜੂਨ 2020 ਵਿੱਚ, ਐੱਫ. ਡੀ. ਏ. ਨੇ ਐਮਰਜੈਂਸੀ ਵਰਤੋਂ ਲਈ ਦਵਾਈ 'ਤੇ ਪਾਬੰਦੀ ਲਗਾ ਦਿੱਤੀ ਸੀ। ਐੱਫ.ਡੀ.ਏ. ਨੇ ਨਿਊ ਇੰਗਲੈਂਡ ਜਰਨਲ ਆਫ਼ ਮੈਡੀਸਨ ਦੇ ਅਧਿਐਨ ਦਾ ਹਵਾਲਾ ਦਿੱਤਾ ਸੀ। ਅਧਿਐਨ ਨੇ ਖੁਲਾਸਾ ਕੀਤਾ ਕਿ ਦਾ ਕੋਵਿਡ 'ਤੇ ਕੋਈ ਪ੍ਰਭਾਵ ਨਹੀਂ ਹੁੰਦਾ ਅਤੇ ਇਹ ਮੌਤ ਦੇ ਜ਼ੋਖਮ ਨੂੰ ਮਹੱਤਵਪੂਰਣ ਰੂਪ ਨਾਲ ਵਧਾਉਂਦਾ ਹੈ।

ਇਸ ਨੂੰ ਕੋਵਿਡ 19 ਦੀ ਥਾਂ ਮਲੇਰੀਆ, ਲੂਪਸ ਅਤੇ ਰਾਇਮੇਟਾਇਡ ਗਠੀਏ ਦੇ ਇਲਾਜ ਲਈ ਮਨਜ਼ੂਰੀ ਦਿੱਤੀ ਗਈ ਸੀ। ਉਸ ਸਮੇਂ, ਕਰੋਨਾਵਾਇਰਸ ਦੀ ਦਵਾਈ ਦੀ ਘਾਟ ਕਾਰਨ, ਹਸਪਤਾਲ ਮਰੀਜ਼ਾਂ ਨੂੰ ਹਾਈਡ੍ਰੋਕਸਾਈਕਲੋਰੋਕਿਨ ਦੇ ਰਹੇ ਸਨ।

# ਹਮਾਸ ਨੇਤਾ ਦੀ ਮੌਤ ਤੋਂ ਬਾਅਦ ਹਿਜ਼ਬੁੱਲਾ ਨੇ ਇਜ਼ਰਾਈਲ 'ਤੇ ਕੀਤਾ ਵੱਡਾ ਹਮਲਾ, 62 ਮਿਜ਼ਾਈਲਾਂ ਦਾਗੀਆਂ

ਤਲਅਵੀਵ, 7 ਜਨਵਰੀ (ਪੋਸਟ ਬਿਊਰੋ): ਲੇਬਨਾਨ ਦੇ ਕੱਟੜਪੰਥੀ ਸੰਗਠਨ ਹਿਜ਼ਬੁੱਲਾ ਨੇ ਇਕ ਵਾਰ ਫਿਰ ਇਜ਼ਰਾਈਲ 'ਤੇ ਵੱਡਾ ਹਮਲਾ ਕੀਤਾ ਹੈ। ਹਿਜ਼ਬੁੱਲਾ ਨੇ ਇਹ ਹਮਲਾ ਹਮਾਸ ਨੇਤਾ ਸ਼ੇਖ ਸਾਲੇਹ ਅਲ-ਅਰੂਰੀ ਦੀ ਮੌਤ ਦੇ ਜਵਾਬ 'ਚ ਕੀਤਾ ਹੈ। ਦਾਅਵਾ ਕੀਤਾ ਜਾ ਰਿਹਾ ਹੈ ਕਿ ਹਿਜ਼ਬੁੱਲਾ ਨੇ ਇਜ਼ਰਾਈਲ 'ਤੇ ਇਕ ਤੋਂ ਬਾਅਦ ਇਕ 62 ਮਿਜ਼ਾਈਲਾਂ ਦਾਗੀਆਂ ਹਨ।



ਹਮਾਸ ਦੇ ਨੇਤਾ ਅਲ-ਅਰੂਰੀ ਦੀ ਪਿਛਲੇ ਹਫਤੇ ਬੇਰੂਤ ਵਿੱਚ ਮੌਤ ਹੋ ਗਈ ਸੀ। ਹਿਜ਼ਬੁੱਲਾ ਦਾ ਕਹਿਣਾ ਹੈ ਕਿ ਇਜ਼ਰਾਈਲ 'ਤੇ ਇਹ ਹਮਲਾ ਹਮਾਸ ਨੇਤਾ ਦੀ ਮੌਤ ਦੇ ਜਵਾਬ 'ਚ ਪਹਿਲੀ ਪ੍ਰਤੀਕਿਰਿਆ ਸੀ।

ਹਿਜ਼ਬੁੱਲਾ ਨੇ ਉੱਤਰੀ ਇਜ਼ਰਾਈਲ 'ਤੇ ਇਹ ਮਿਜ਼ਾਈਲ ਹਮਲਾ ਕੀਤਾ ਹੈ। ਹਿਜ਼ਬੁੱਲਾ ਨੇ ਇਕ ਬਿਆਨ ਜਾਰੀ ਕਰਕੇ ਕਿਹਾ ਕਿ ਉਸ ਨੇ 62 ਵੱਖ-ਵੱਖ ਤਰ੍ਹਾਂ ਦੀਆਂ ਮਿਜ਼ਾਈਲਾਂ ਨਾਲ ਹਮਲਾ ਕੀਤਾ ਹੈ। ਇਹ ਹਮਲਾ ਏਅਰ ਕੰਟਰੋਲ ਬੇਸ 'ਤੇ ਕੀਤਾ ਗਿਆ ਹੈ। ਕੁਝ ਦਿਨ ਪਹਿਲਾਂ ਹੀ ਹਮਾਸ ਦੇ ਨੇਤਾ ਸ਼ੇਖ ਸਾਲੇਹ ਅਲ-ਅਰੂਰੀ ਲੇਬਨਾਨ ਦੀ ਰਾਜਧਾਨੀ ਬੇਰੂਤ ਵਿੱਚ ਇੱਕ ਡਰੋਨ ਹਮਲੇ ਵਿੱਚ ਮਾਰਿਆ ਗਿਆ ਸੀ। ਦਾਅਵਾ ਕੀਤਾ ਗਿਆ ਸੀ ਕਿ ਉਸ ਸਮੇਂ ਅਲ-ਅਰੂਰੀ ਹਮਾਸ ਨਾਲ ਜੁੜੇ ਫਲਸਤੀਨੀ ਅਤੇ ਲੇਬਨਾਨੀ ਲੋਕਾਂ ਨਾਲ ਮੁਲਾਕਾਤ ਕਰ ਰਹੇ ਸਨ।

ਇਸ ਡਰੋਨ ਹਮਲੇ ਲਈ ਇਜ਼ਰਾਈਲ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਠਹਿਰਾਇਆ ਗਿਆ ਸੀ। ਹਾਲਾਂਕਿ, ਇਜ਼ਰਾਈਲ ਨੇ ਨਾ ਤਾਂ ਇਸ ਦੀ ਪੁਸ਼ਟੀ ਕੀਤੀ ਅਤੇ ਨਾ ਹੀ ਇਸ ਨੂੰ ਰੱਦ ਕੀਤਾ। ਦੱਸਿਆ ਜਾ ਰਿਹਾ ਹੈ ਕਿ ਇਹ ਪਹਿਲੀ ਵਾਰ ਸੀ ਕਿ ਹਮਾਸ ਦੇ ਕਿਸੇ ਨੇਤਾ ਦੀ ਫਿਲਸਤੀਨੀ ਖੇਤਰ ਤੋਂ ਬਾਹਰ ਮੌਤ ਹੋਈ ਹੋਵੇ।

ਇਜ਼ਰਾਈਲ ਅਤੇ ਹਮਾਸ ਵਿਚਾਲੇ ਪਿਛਲੇ ਸਾਲ 7 ਅਕਤੂਬਰ ਤੋਂ ਜੰਗ ਚੱਲ ਰਹੀ ਹੈ। ਹਮਾਸ ਨੇ ਇਜ਼ਰਾਈਲ 'ਤੇ ਪੰਜ ਹਜ਼ਾਰ ਤੋਂ ਵੱਧ ਰਾਕੇਟ ਦਾਗੇ ਸਨ। ਇਸ ਤੋਂ ਬਾਅਦ ਇਜ਼ਰਾਈਲ ਨੇ ਜੰਗ ਦਾ ਐਲਾਨ ਕਰ ਦਿੱਤਾ ਸੀ। ਲੇਬਨਾਨ ਦਾ ਹਿਜ਼ਬੁੱਲਾ ਸੰਗਠਨ ਇਜ਼ਰਾਈਲ ਨਾਲ ਜੰਗ ਵਿੱਚ ਹਮਾਸ ਦਾ ਸਮਰਥਨ ਕਰ ਰਿਹਾ ਹੈ।

# ਲੁਧਿਆਣਾ ਦੀ ਪ੍ਰਾਈਵੇਟ ਯੂਨੀਵਰਸਿਟੀ ਵਿਚ ਵਿਦੇਸ਼ੀ ਵਿਦਿਆਰਥੀ ਦੀ ਮੌਤ

ਲੁਧਿਆਣਾ, 7 ਜਨਵਰੀ (ਪੋਸਟ ਬਿਊਰੋ): ਪੰਜਾਬ ਦੇ ਲੁਧਿਆਣਾ ਦੀ ਇੱਕ ਨਿੱਜੀ ਯੂਨੀਵਰਸਿਟੀ ਵਿੱਚ ਦੇਰ ਰਾਤ ਇੱਕ ਵਿਦੇਸ਼ੀ ਵਿਦਿਆਰਥੀ ਦੀ ਮੌਤ ਹੋ ਗਈ। ਉਹ ਫਿਰੋਜ਼ਪੁਰ ਰੋਡ 'ਤੇ ਸਥਿਤ ਪ੍ਰਾਈਵੇਟ ਸੀ.ਟੀ. ਯੂਨੀਵਰਸਿਟੀ ਵਿੱਚ ਬੀਐੱਸਸੀ ਮੈਡੀਕਲ ਦਾ ਵਿਦਿਆਰਥੀ ਸੀ। ਉਸ ਦੇ ਦੋਸਤਾਂ ਅਨੁਸਾਰ ਉਹ ਕਮਰੇ ਵਿੱਚ ਮ੍ਰਿਤਕ ਹਾਲਤ ਵਿੱਚ ਪਿਆ ਸੀ। ਸਿਵਲ ਹਸਪਤਾਲ ਦੇ ਡਾਕਟਰਾਂ ਅਨੁਸਾਰ ਵਿਦਿਆਰਥੀ ਨੂੰ ਉਲਟੀਆਂ ਆ ਰਹੀਆਂ ਸਨ, ਜਿਸ ਕਾਰਨ ਉਸ ਦੀ ਮੌਤ ਹੋ ਗਈ।

ਮ੍ਰਿਤਕ ਵਿਦਿਆਰਥੀ ਦੀ ਪਹਿਚਾਣ ਦੱਖਣੀ ਸੂਡਾਨ ਦੇ ਮੋਰਡੇ ਮੇਡੀ ਯੋਕੋਬੋ ਵਜੋਂ ਹੋਈ ਹੈ। ਉਹ ਇੱਕ



ਸਾਲ ਪਹਿਲਾਂ ਲੁਧਿਆਣਾ ਆਇਆ ਸੀ। ਫਿਲਹਾਲ ਉਹ ਨਿਊ ਸੁੰਦਰ ਨਗਰ 'ਚ ਨਰਿੰਦਰ ਬਾਂਸਲ ਦੇ ਘਰ ਕਿਰਾਏ 'ਤੇ ਰਹਿੰਦਾ ਸੀ। ਉਸ ਦੀ ਲਾਸ਼ ਨੂੰ ਉਸ ਦੇ ਸਾਥੀਆਂ ਨੇ ਰਾਤ 2:45 ਵਜੇ ਸਿਵਲ ਹਸਪਤਾਲ ਦੇ ਮੁਰਦਾਘਰ ਵਿੱਚ ਰਖਵਾਇਆ।

ਸਿਵਲ ਹਸਪਤਾਲ ਤੋਂ ਮਿਲੀ ਜਾਣਕਾਰੀ ਅਨੁਸਾਰ ਯੋਕੋਬਾ ਐਮਬੀਡੀ ਮਾਲ ਨੇੜੇ ਉਲਟੀਆਂ ਕਰ ਰਿਹਾ ਸੀ। ਇਸ ਦੌਰਾਨ ਉਸ ਦੀ ਮੌਤ ਹੋ ਗਈ। ਮਾਮਲਾ ਸ਼ੱਕੀ ਹੈ ਪਰ ਯੋਕੋਬੋ ਦੇ ਦੋਸਤਾਂ ਦਾ ਕਹਿਣਾ ਹੈ ਕਿ ਜਦੋਂ ਉਹ ਦੇਰ ਰਾਤ ਉਸ ਦੇ ਕਮਰੇ ਵਿਚ ਗਏ ਤਾਂ ਉਹ ਬੈੱਡ 'ਤੇ ਲੇਟਿਆ ਹੋਇਆ ਸੀ।

ਉਸ ਦੀ ਵਿਗੜਦੀ ਹਾਲਤ ਨੂੰ ਦੇਖਦਿਆਂ ਉਹ ਉਸ ਨੂੰ ਨਿੱਜੀ ਹਸਪਤਾਲ ਲੈ ਗਏ, ਪਰ ਡਾਕਟਰਾਂ ਨੇ ਉਸ ਨੂੰ ਸਿਵਲ ਹਸਪਤਾਲ ਰੈਫਰ ਕਰ ਦਿੱਤਾ। ਜਦੋਂ ਉਸ ਨੂੰ ਸਿਵਲ ਹਸਪਤਾਲ ਲਿਆਂਦਾ ਗਿਆ ਤਾਂ ਡਾਕਟਰਾਂ ਨੇ ਜਾਂਚ ਤੋਂ ਬਾਅਦ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

ਯੋਕੋਬੋ ਦੇ ਪਰਿਵਾਰ ਨੂੰ ਉਸ ਦੇ ਸਾਥੀਆਂ ਨੇ ਸੂਚਿਤ ਕਰ ਦਿੱਤਾ ਹੈ। ਪੁਲਿਸ ਅਗਲੇਰੀ ਕਾਰਵਾਈ ਕਰ ਰਹੀ ਹੈ।

# ਪੰਜਾਬ ਸਰਕਾਰ ਨੂੰ ਦਸੰਬਰ 2023 'ਚ ਜ਼ਮੀਨ-ਜਾਇਦਾਦ ਦੀਆਂ ਰਜਿਸਟਰੀਆਂ ਤੋਂ ਆਮਦਨ ਵਿਚ 32 ਫੀਸਦੀ ਵਾਧਾ : ਜਿੰਪਾ

ਚੰਡੀਗੜ੍ਹ, 7 ਜਨਵਰੀ (ਗਿਆਨ ਸਿੰਘ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਪਾਰਦਰਸ਼ੀ, ਖੱਜਲ-ਖੁਆਰੀ ਰਹਿਤ ਅਤੇ ਭ੍ਰਿਸ਼ਟਾਚਾਰ ਮੁਕਤ ਸੇਵਾਵਾਂ ਦੇਣ ਦੇ ਨਤੀਜੇ ਵੱਜੋਂ ਜ਼ਮੀਨ-ਜਾਇਦਾਦ ਦੀਆਂ ਰਜਿਸਟਰੀਆਂ ਤੋਂ ਪੰਜਾਬ ਸਰਕਾਰ ਨੂੰ ਸਿਰਫ ਦਸੰਬਰ ਮਹੀਨੇ ਵਿਚ ਹੀ ਪਿਛਲੇ ਸਾਲ ਦੇ ਮੁਕਾਬਲੇ 32 ਫੀਸਦੀ ਜ਼ਿਆਦਾ ਆਮਦਨ ਹੋਈ ਹੈ। ਪੰਜਾਬ ਦੇ ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਦੱਸਿਆ ਹੈ ਕਿ ਜ਼ਮੀਨ-ਜਾਇਦਾਦ ਦੀਆਂ ਰਜਿਸਟਰੀਆਂ ਤੋਂ ਪੰਜਾਬ ਸਰਕਾਰ ਦੇ ਖਜ਼ਾਨੇ ਵਿਚ ਦਸੰਬਰ 2023 'ਚ ਪਿਛਲੇ ਸਾਲ ਦੇ ਮੁਕਾਬਲੇ 102.04 ਕਰੋੜ ਰੁਪਏ ਜ਼ਿਆਦਾ ਆਏ ਹਨ। ਦਸੰਬਰ

**ਅਪ੍ਰੈਲ ਤੋਂ ਦਸੰਬਰ 2023 ਤੱਕ ਕੁੱਲ 3142.67 ਕਰੋੜ ਰੁਪਏ ਦੀ ਆਮਦਨ**

2022 ਦੇ 315.81 ਕਰੋੜ ਰੁਪਏ ਦੇ ਮੁਕਾਬਲੇ ਦਸੰਬਰ 2023 'ਚ ਸਰਕਾਰੀ ਖਜ਼ਾਨੇ ਵਿਚ 417.85 ਕਰੋੜ ਰੁਪਏ ਆਏ।

ਜਿੰਪਾ ਨੇ ਦੱਸਿਆ ਕਿ ਅਪ੍ਰੈਲ 2023 ਤੋਂ ਦਸੰਬਰ 2023 ਤੱਕ ਕੁੱਲ 3142.67 ਕਰੋੜ ਰੁਪਏ ਦੀ ਆਮਦਨ ਹੋਈ ਹੈ। ਪਿਛਲੇ ਸਾਲ 2022 ਵਿਚ ਇਹੀ ਆਮਦਨ 2856.86 ਕਰੋੜ ਰੁਪਏ ਸੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸਪੱਸ਼ਟ ਦਿਸ਼ਾ-



ਨਿਰਦੇਸ਼ ਦਿੱਤੇ ਹੋਏ ਹਨ ਕਿ ਭ੍ਰਿਸ਼ਟਾਚਾਰ ਨੂੰ ਕਿਸੇ ਵੀ ਪੱਧਰ 'ਤੇ ਬਰਦਾਸ਼ਤ ਨਾ ਕੀਤਾ ਜਾਵੇ। ਮਾਲ ਵਿਭਾਗ ਵਿਚ ਵੀ ਜੇਕਰ ਕਿਸੇ ਵੀ ਪੱਧਰ 'ਤੇ ਲੋਕਾਂ ਨੂੰ ਕੰਮ ਕਰਵਾਉਣ ਵਿਚ ਕੋਈ ਦਿੱਕਤ ਆਉਂਦੀ ਹੈ ਤਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਇਸ ਬਾਬਤ ਹੈਲਪਲਾਈਨ ਨੰਬਰ 8184900002 ਜਾਰੀ ਕੀਤਾ ਹੋਇਆ ਹੈ ਜਿਸ 'ਤੇ ਲਿਖਤੀ ਸ਼ਿਕਾਇਤ ਵੱਟਸਐਪ ਕੀਤੀ ਜਾ ਸਕਦੀ ਹੈ। ਐਨ.ਆਰ.ਆਈਜ਼ ਆਪਣੀਆਂ ਲਿਖਤੀ ਸ਼ਿਕਾਇਤਾਂ 9464100168 ਨੰਬਰ 'ਤੇ ਭੇਜ ਸਕਦੇ ਹਨ।

ਜਿੰਪਾ ਨੇ ਦੱਸਿਆ ਕਿ ਮਾਲ ਵਿਭਾਗ ਦੀ ਕਾਰਗੁਜ਼ਾਰੀ ਨੂੰ ਹੋਰ ਸੁਧਾਰਨ ਲਈ ਅਤੇ ਲੋਕਾਂ ਨੂੰ ਨਿਰਵਿਘਨ ਸੇਵਾਵਾਂ ਦੇਣ ਲਈ ਨਵੀਆਂ ਨਿਯੁਕਤੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਪੜ੍ਹੇ-ਲਿਖੇ ਨੌਜਵਾਨ ਮੁੰਡੇ-ਕੁੜੀਆਂ ਨੂੰ ਰੁਜ਼ਗਾਰ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸਾਰੀਆਂ ਨਿਯੁਕਤੀਆਂ ਨਿਰੋਲ ਮੈਰਿਟ ਦੇ ਆਧਾਰ 'ਤੇ ਕੀਤੀਆਂ ਜਾ ਰਹੀਆਂ ਹਨ ਜਿਸ ਦੇ ਚੰਗੇ ਨਤੀਜੇ ਨਿਕਲ ਕੇ ਸਾਹਮਣੇ ਆ ਰਹੇ ਹਨ। ਨਵ-ਨਿਯੁਕਤ ਮੁੰਡੇ-ਕੁੜੀਆਂ ਆਪਣਾ ਕੰਮ ਪੂਰੀ ਇਮਾਨਦਾਰੀ, ਤਨਦੇਹੀ ਅਤੇ ਭ੍ਰਿਸ਼ਟਾਚਾਰ ਮੁਕਤ ਕਰ ਰਹੇ ਹਨ।

ਉਨ੍ਹਾਂ ਅਪੀਲ ਕੀਤੀ ਕਿ ਸੂਬੇ ਦੇ ਖਜ਼ਾਨੇ ਨੂੰ ਹੋਰ ਮਜ਼ਬੂਤ ਕਰਨ ਲਈ ਲੋਕ ਸਰਕਾਰ ਦਾ ਸਾਥ ਦੇਣ ਅਤੇ ਕਿਸੇ ਵੀ ਜਾਇਜ਼ ਕੰਮ ਲਈ ਕਿਸੇ ਵੀ ਅਧਿਕਾਰੀ/ਕਰਮਚਾਰੀ ਨੂੰ ਕੋਈ ਰਿਸ਼ਵਤ ਨਾ ਦਿੱਤੀ ਜਾਵੇ ਅਤੇ ਜੇਕਰ ਮਾਲ ਵਿਭਾਗ ਦਾ ਕੋਈ ਅਧਿਕਾਰੀ/ਕਰਮਚਾਰੀ ਕਿਸੇ ਕੰਮ ਬਦਲੇ ਪੈਸਾ ਮੰਗਦਾ ਹੈ ਤਾਂ ਬੇਝਿਜਕ ਹੋ ਕੇ ਇਸ ਦੀ ਸ਼ਿਕਾਇਤ ਕੀਤੀ ਜਾਵੇ। ਦੋਸ਼ੀ ਨੂੰ ਕਿਸੇ ਵੀ ਹਾਲਤ ਵਿਚ ਬਖਸ਼ਿਆਂ ਨਹੀਂ ਜਾਵੇਗਾ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਮਾਲਵਾ ਸੱਭਿਆਚਾਰਕ ਮੰਚ ਦੀ ਮੀਟਿੰਗ ਵਿੱਚ 11 ਜਨਵਰੀ ਨੂੰ ਹੋਣ ਵਾਲੀਆਂ ਸਨਮਾਨਿਤ ਸ਼ਖਸ਼ੀਅਤਾਂ ਦੇ ਨਾਮਾਂ ਦਾ ਕੀਤਾ ਬਾਵਾ ਤੇ ਰਾਜੀਵ ਨੇ ਐਲਾਨ

## ਕਲਸੀ, ਪਾਲੀ, ਗੁਲਸ਼ਨ, ਸਿੱਧੂ, ਨੂਰੀ, ਸਰਬਜੀਤ, ਪੰਛੀ,ਪਰਵਾਨਾ, ਕਮਲਜੀਤ, ਧਾਲੀਵਾਲ ਅਤੇ ਧੀਰ ਹੋਣਗੇ ਸਨਮਾਨਿਤ



ਲੁਧਿਆਣਾ, 7 ਜਨਵਰੀ (ਗਿਆਨ ਸਿੰਘ): ਅੱਜ ਮਾਲਵਾ ਸੱਭਿਆਚਾਰਕ ਮੰਚ ਪੰਜਾਬ ਦੀ ਮੀਟਿੰਗ ਮੰਚ ਦੇ ਸੀਨੀਅਰ ਵਾਈਸ ਪ੍ਰਧਾਨ ਜਸਵੀਰ ਸਿੰਘ ਰਾਣਾ ਝਾਂਡੇ ਦੇ ਆਫਿਸ ਝਾਂਡੇ ਰੋਡ ਵਿਖੇ ਹੋਈ ਜਿਸ ਵਿੱਚ ਮੰਚ ਦੇ ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ, ਮੰਚ ਦੇ ਪ੍ਰਧਾਨ ਰਾਜੀਵ ਕੁਮਾਰ ਲਵਲੀ, ਸਰਪ੍ਰਸਤ ਨਿਰਮਲ ਜੌੜਾ ਅਤੇ ਮਲਕੀਤ ਸਿੰਘ ਦਾਖਾ, ਪਰਮਿੰਦਰ ਗਰੇਵਾਲ, ਵਾਈਸ ਪ੍ਰਧਾਨ, ਅਮਰਿੰਦਰ ਸਿੰਘ ਜੱਸੋਵਾਲ, ਗੁਰਨਾਮ ਸਿੰਘ, ਸੇਵਾ ਸਿੰਘ ਰਿਟਾ. ਚੀਫ ਇੰਜੀ., ਜਨਰਲ ਸਕੱਤਰ ਰਵਿੰਦਰ ਸਿਆਣ, ਜਸਵੰਤ ਸਿੰਘ ਛਾਪਾ, ਕਰਨੈਲ ਸਿੰਘ ਗਿੱਲ, ਰਾਜੂ ਬਾਜੜਾ, ਬੀਬੀ ਸਰਬਜੀਤ ਕੌਰ ਚੇਅਰਪਰਸਨ ਮੰਚ ਪੰਜਾਬ, ਜੋਗਿੰਦਰ ਸਿੰਘ ਜੰਗੀ, ਜਰਨੈਲ ਸਿੰਘ ਸ਼ਿਮਲਾਪੁਰੀ, ਉੱਘੇ ਆਰਟਿਸਟ ਜਸਵੰਤ ਸੰਦੀਲਾ ਮੁੱਖ ਤੌਰ ਤੇ ਸ਼ਾਮਿਲ ਹੋਏ। ਇਸ ਸਮੇਂ ਰਣਜੀਤ ਸਿੰਘ ਠੇਕੇਦਾਰ ਸਰਪੰਚ ਨੂੰ ਮੰਚ ਦਾ ਪੰਜਾਬ ਦਾ ਜਨਰਲ ਸਕੱਤਰ ਬਣਾਇਆ ਗਿਆ।

ਇਸ ਸਮੇਂ ਸਨਮਾਨ ਕਮੇਟੀ ਦੇ ਚੇਅਰਮੈਨ ਗੁਰਭਜਨ ਸਿੰਘ ਗਿੱਲ, ਮਲਕੀਤ ਸਿੰਘ ਦਾਖਾ, ਗੁਰਦੇਵ ਸਿੰਘ ਲਾਪਰਾਂ, ਪ੍ਰਗਟ ਸਿੰਘ ਗਰੇਵਾਲ ਅਤੇ ਨਿਰਮਲ ਜੌੜਾ ਨਾਲ ਵਿਚਾਰ ਵਟਾਂਦਰੇ ਤੋਂ ਬਾਅਦ ਜਾਣਕਾਰੀ ਦਿੰਦਿਆਂ ਬਾਵਾ ਅਤੇ ਰਾਜੀਵ ਨੇ ਕਿਹਾ ਕਿ ਮੰਚ ਵੱਲੋਂ ਲਗਾਏ ਜਾਂਦੇ ਧੀਆਂ ਦੇ 28ਵੇਂ ਲੋਹੜੀ ਮੇਲੇ 'ਤੇ 11 ਜਨਵਰੀ ਨੂੰ ਗੁਰੂ ਨਾਨਕ ਦੇਵ ਭਵਨ ਲੁਧਿਆਣਾ ਵਿਖੇ 125 ਨਵ ਜੰਮੀ ਬੱਚੀਆਂ ਦੇ ਪਰਿਵਾਰਾਂ ਦੇ ਨਾਲ ਸਮਾਜ ਦੇ ਵੱਖ-ਵੱਖ ਖੇਤਰਾਂ ਚ ਸੇਵਾ ਨਿਭਾਉਣ ਵਾਲੀਆਂ 11 ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਜਾਵੇਗਾ ਜਿਨਾਂ ਵਿੱਚ ਬਲਜਿੰਦਰ ਸਿੰਘ ਕਲਸੀ ਨੂੰ ਸਨਅਤ ਦੇ ਖੇਤਰ ਵਿੱਚ ਸਨਮਾਨ ਦਿੱਤਾ ਜਾਵੇਗਾ ਜਦ ਕਿ ਉੱਘੇ ਪੰਜਾਬੀ ਗਾਇਕ ਪਾਲੀ ਦੇਤਵਾਲੀਆ, ਉੱਘੀ ਗਾਇਕਾ ਗੁਲ-ਸ਼ਨ ਕੋਮਲ, ਸਪੋਰਟਸ ਦੇ ਖੇਤਰ ਵਿੱਚ ਪੁਲਿਸ ਅਫਸਰ ਅਵਨੀਤ ਕੌਰ ਸਿੱਧੂ ਆਈ.ਪੀ.ਐੱਸ., ਸਵ. ਕੁਲਦੀਪ ਮਾਣਕ ਕਲੀਆਂ ਦੇ ਬਾਦਸ਼ਾਹ ਦੇ ਧਰਮਪਤੀ ਪਤਨੀ ਬੀਬੀ ਸਰਬਜੀਤ ਕੌਰ, ਉੱਘੀ ਗਾਇਕਾ ਅਮਰ ਨੂਰੀ, ਵਿਸ਼ਵ ਪ੍ਰਸਿੱਧ ਕਵੀ ਸਰਦਾਰ ਪੰਛੀ, ਬੁੜਾਪਾ ਭੋਗ ਰਹੇ ਪ੍ਰਸਿੱਧ ਗੀਤਕਾਰ ਚੱਤਰ ਸਿੰਘ ਪਰਵਾਨਾ, ਸੱਭਿਆਚਾਰ ਅਤੇ ਵਿਰਾਸਤ ਨੂੰ ਸੰਭਾਲਣ ਵਾਲੀ ਡਾ. ਕਮਲਜੀਤ ਕੌਰ ਸਰਦੂਲਗੜ (ਮਾਨਸਾ), ਪੰਜਾਬੀ ਫਿਲਮਾਂ ਦੀਆਂ ਮਸ਼ਹੂਰ ਅਦਾਕਾਰਾ ਸੁਨੀਤਾ ਧੀਰ ਅਤੇ ਰਾਜ ਧਾਲੀਵਾਲ ਸਨਮਾਨਿਤ ਹੋਣਗੀਆਂ ਜਦ ਕਿ ਸਰਬਜੀਤ ਮਾਂਗਟ, ਗਿੱਧਿਆਂ ਦੀ ਰਾਣੀ ਸਮਾਜ ਸੇਵਕਾ ਡਾ. ਮੋਹਨਜੀਤ ਕੌਰ, ਬੇਟੀ ਸਰਕੌਰ (ਆਸਟ੍ਰੇਲੀਆ), ਸਮਾਜ ਸੇਵੀ ਰਾਜੂ ਕਨੌਜੀਆ, ਉੱਘੇ ਰਾਈਟਰ ਜਗਜੀਤ ਸਿੰਘ ਲੋਹਟਬੱਦੀ, ਮਨੁੱਖਤਾ ਦੀ ਸੇਵਾ ਕਰਨ ਵਾਲਾ ਪੁਲਿਸ ਅਧਿਕਾਰੀ ਅਸ਼ੋਕ ਕੁਮਾਰ ਅਤੇ ਉਭਰਦਾ ਦਾ ਯੂਥ ਕਲਾਕਾਰ ਗੈਰੀ ਬਾਵਾ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਇਸ ਸਮੇਂ ਪ੍ਰਿੰਸ ਗੁਪਤਾ, ਗੁਰਦਿਆਲ ਸਿੰਘ ਪ੍ਰਧਾਨ ਰਾਜਗੁਰੂ ਨਗਰ, 'ਆਪ' ਨੇਤਾ ਨਿੱਕੀ ਕੋਹਲੀ, ਮਹਿੰਦਰ ਸਿੰਘ ਅਤੇ ਰਾਮ ਲਾਲ ਆਦਿ ਹਾਜ਼ਰ ਸਨ।

# ਐੱਸ.ਬੀ.ਐੱਸ. ਸਟੇਟ ਯੂਨੀਵਰਸਿਟੀ ਫਿਰੋਜ਼ਪਰ ਵੱਲੋਂ ਸਰਕਾਰੀ ਸਕੂਲਾਂ ਦੇ ਮੈਡੀਕਲ ਅਤੇ ਨੋਨ ਮੈਡੀਕਲ ਦੇ ਵਿਦਿਆਰਥੀਆਂ ਲਈ ਕਰਵਾਇਆ ਜੇ.ਈ.ਈ. ਮੇਨਸ ਅਤੇ ਨੀਟ ਮੌਕ ਟੈਸਟ




ਫਿਰੋਜ਼ਪੁਰ, 7 ਜਨਵਰੀ (ਗਿਆਨ ਸਿੰਘ): ਅੱਜ ਇਥੇ ਸਥਾਨਿਕ ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਫ਼ਿਰੋਜ਼ਪੁਰ ਵਿੱਚ ਜ਼ਲ੍ਹਿੇ ਦੇ ਲਗਪਗ 20 ਸਰਕਾਰੀ ਸਕੂਲਾਂ ਦੇ ਵਿਗਿਆਨ ਵਿਸ਼ੇ ਦੇ ਵਿਦਿਆਰਥੀਆਂ ਲਈ ਯੂਨੀਵਰਸਿਟੀ ਵਲੋਂ ਜੇ.ਈ.ਈ. ਮੇਨਸ ਅਤੇ ਨੀਟ ਦੇ ਵੱਕਾਰੀ ਟੈਸਟਾਂ ਲਈ ਇਕ ਮੌਕ ਟੈਸਟ ਕਰਵਾਇਆ ਗਿਆ। ਜਿਸ ਵਿੱਚ ਵੱਖ-ਵੱਖ ਸਰਕਾਰੀ ਸਕੂਲਾਂ ਦੇ ਲਗਪਗ 600 ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਟੈਸਟ ਦਾ ਮੁੱਖ ਮਕਸਦ ਜ਼ਲ੍ਹਿੇ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਜੇ ਈ ਈ ਮੇਨਸ ਅਤੇ ਨੀਟ ਦੀ ਪ੍ਰੀਖਿਆ ਵਿੱਚ ਪੁੱਛੇ ਜਾਂਦੇ ਸਵਾਲਾਂ ਨੂੰ ਹਲ਼ ਕਰਨ ਲਈ ਵਿਦਿਆਰਥੀਆਂ ਦੀ ਤਿਆਰੀ ਕਰਵਾਉਣਾ ਸੀ।

ਜ਼ਿਕਰਯੋਗ ਹੈ ਕਿ ਜਿਥੇ ਪੰਜਾਬ ਸਰਕਾਰ ਵਲੋਂ ਸਰਕਾਰੀ ਸਕੂਲਾਂ ਦੀ ਪੜਾਈ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਉਪਰਾਲੇ ਕੀਤੇ ਜਾ ਰਹੇ ਹਨ। ਉਥੇ ਯੂਨੀਵਰਸਿਟੀ ਦੀ ਇਹ ਕੋਸ਼ਿਸ਼ ਇਹਨਾਂ ਸਕੂਲਾਂ ਦੇ ਵਿਦਿਆਰਥੀਆਂ ਨੂੰ ਕੌਮੀ ਲੈਵਲ ਦੇ ਇਹਨਾਂ ਵੱਕਾਰੀ ਟੈਸਟਾਂ ਚ ਚੰਗੇ ਨੰਬਰਾਂ ਚ ਪਾਸ ਹੋਣ ਲਈ ਮਦਦਗਾਰ ਸਾਬਿਤ ਹੋਵੇਗੀ। ਮੌਕ ਟੈਸਟ ਦੇਣ ਲਈ ਪਹੁੰਚੇ ਵਿਦਿਆਰਥੀਆਂ ਨਾਲ ਗਲਬਾਤ ਕਰਨ ਤੇ ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਦੇ ਫੈਕਲਟੀ/ ਸਟਾਫ਼ ਅਕਸਰ ਓਹਨਾ ਦੇ ਸਕੂਲਾਂ ਚ ਯੂਨੀਵਰਸਿਟੀਆਂ/ਕਾਲਜਾਂ ਚ ਟੈਸਟਾਂ ਵਾਰੇ ਜਾਣਕਾਰੀ ਮੁੱਹਈਆ ਕਰਵਾਉਣ ਆਉਂਦੇ ਰਹਿੰਦੇ ਹਨ ਤੇ ਉਨ੍ਹਾਂ ਨੂੰ ਸਰਕਾਰ ਵਲੋਂ ਜਨਰਲ /ਗਰੀਬ ਤੇ ਐਸ.ਸੀ./ ਐਸ.ਟੀ. ਵਿਦਿਆਰਥੀਆਂ ਲਈ ਚਲਾਈਆਂ ਜਾ ਰਹੀਆਂ ਸਰਕਾਰੀ ਸਕੀਮਾਂ ਤੇ ਯੂਨੀਵਰਸਿਟੀਆਂ/ਕਾਲਜਾਂ ਵਿੱਚ ਚਲਦੇ ਵੱਖ ਵੱਖ ਕੋਰਸਾਂ ਵਾਰੇ ਵਿਸਥਾਰ ਸਹਿਤ ਦਸਦੇ ਰਹੇ ਹਨ।

ਯੂਨੀਵਰਸਿਟੀ ਰਜਿਸਟ੍ਰਾਰ ਡਾ. ਗਜ਼ਲਪ੍ਰੀਤ ਸਿੰਘ ਦੱਸਿਆ ਕਿ ਇਹ ਮੌਕ ਟੈਸਟ ਦਾ ਮਕਸਦ ਸਰਕਾਰੀ ਸਕੂਲ ਜਿੱਥੇ ਆਮ ਤੌਰ ਤੇ ਨਿਮਨ ਵਰਗ ਦੇ ਬੱਚੇ ਸਿੱਖਿਆ ਪ੍ਰਾਪਤ ਕਰਦੇ ਹਨ ਉਨ੍ਹਾਂ ਨੂੰ ਕੌਮੀ ਪੱਧਰ ਦੇ ਹੁੰਦੇ ਟੈਸਟਾਂ ਦੀ ਤਿਆਰੀ ਅਤੇ ਜਾਣਕਾਰੀ ਮੁੱਹਈਆ ਕਰਵਾਉਣਾ ਸੀ। ਉਨ੍ਹਾਂ ਅੱਗੇ ਦੱਸਿਆ ਕਿ ਇਹ ਮੌਕ ਟੈਸਟ ਪੰਜਾਬ ਸਰਕਾਰ ਵਲੋਂ ਸਰਕਾਰੀ ਸਕੂਲ਼ਾਂ ਦੇ ਪੜਾਈ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਇਕ ਕੜੀ ਵਜੋਂ ਇਕ ਕਦਮ ਹੈ।

ਇਸ ਟੈਸਟ ਨੂੰ ਕਰਵਾਉਣ ਵਿੱਚ ਡੀਨ ਅਕਾਦਮਿਕ ਡਾ. ਤੇਜੀਤ ਸਿੰਘ, ਕੋਆਰਡੀਨੇਟਰ ਡਾ ਅਰੁਣ ਕੁਮਾਰ ਅਸਾਟੀ, ਡਾ ਰਾਕੇਸ਼ ਕੁਮਾਰ, ਡਾ ਪੰਕਜ ਕਾਲਰਾ, ਡਾ ਗੁਲਸ਼ਨ ਕੁਮਾਰ, ਪੀ ਆਰ ਓ ਯਸ਼ਪਾਲ,ਡਾ ਵਿਕਰਮ ਮੁਤਨੇਜਾ ਤੋਂ ਇਲਾਵਾ ਕੈਂਪਸ ਫੈਕਲਟੀ ਤੇ ਸਟਾਫ਼ ਦੀ ਵਿਸ਼ੇਸ ਭੂਮਿਕਾ ਰਹੀ।







## ਲੜਕੀ ਦੀ ਲੋੜ

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇੱਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664












# ਨਵਾਂ ਸਾਲ ਸੰਸਾਰ ਦੇ ਲੋਕਤੰਤਰੀ ਦੇਸ਼ਾਂ ਨੂੰ ਸੁਖਾਵੇਂ ਸੰਕੇਤ ਦੇਣ ਵਾਲਾ ਨਹੀਂ ਦਿੱਸ ਸਕਿਆ

ਜਤਿੰਦਰ ਪਨੂੰ ਦੀ ਕਲਮ ਤੋਂ



ਇੱਕ ਹੋਰ ਨਵਾਂ ਸਾਲ ਇਸ ਸੰਸਾਰ ਦੇ ਲੋਕਾਂ ਲਈ ਚੜ੍ਹ ਚੁੱਕਾ ਹੈ। ਰਿਵਾਇਤੀ ਕਹੇ ਜਾਂਦੇ ਜੋਸ਼ ਨਾਲ ਹਮੇਸ਼ਾ ਦੀ ਤਰ੍ਹਾਂ ਇਸ ਵਾਰ ਫਿਰ ਇਸ ਦਾ ਸਵਾਗਤ ਕੀਤਾ ਗਿਆ ਹੈ। ਮੇਰੇ ਵਾਂਗ ਬਹੁਤ ਸਾਰੇ ਲੋਕਾਂ ਲਈ ਨਵੇਂ ਸਾਲ ਦਾ ਪਹਿਲੜਾ ਅੱਧਾ ਦਿਨ ਖੁਸ਼ੀਆਂ ਦੇ ਸੁਨੇਹਿਆਂ ਦਾ ਜਵਾਬ ਦੇਣ ਤੇ ਆਏ ਹੋਏ ਸੁਨੇਹਿਆਂ ਤੋਂ ਆਪਣੇ ਫੋਨ ਸੈੱਟ ਵਿਹਲੇ ਕਰਨ ਲਈ ਡਿਲੀਟ ਕਰਨ ਵਿੱਚ ਬੀਤਿਆ ਹੋਵੇਗਾ। ਖੁਦ ਮੈਂ ਇਹ ਸੁਨੇਹਾ ਬਹੁਤ ਘੱਟਕਿਸੇ ਨੂੰ ਭੇਜਦਾ ਹਾਂ। ਨਵਾਂ ਸਾਲ ਚੜ੍ਹਦਾ ਵੇਖ ਕੇ ਮੈਨੂੰ ਕਦੇ ਕੁਝ ਨਵਾਂ ਮਹਿਸੂਸ ਨਹੀਂ ਹੁੰਦਾ, ਸਿਰਫ ਕੈਲੰਡਰ ਦਾਸਾਲਾਂ ਦਾ ਇੱਕਸਫਾ ਬਦਲਦਾ ਦਿੱਸਦਾ ਹੈ, ਹੋਰ ਤਾਂ ਕੁਝ ਬਦਲਦਾ ਨਹੀਂ। ਪੰਜਾਬ ਵਿੱਚ ਜਿਹੋ ਜਿਹੀ ਠੰਢ ਇੱਕ ਦਿਨ ਪਹਿਲਾਂ ਪੈਂਦੀ ਸੀ, ਲਗਭਗ ਉਹੋ ਜਿਹੀ ਨਵੇਂ ਸਾਲ ਦੇ ਪਹਿਲੇ ਦਿਨ ਪੈ ਗਈ ਸੀ। ਜਿੱਦਾਂ ਸ਼ਹਿਰਾਂ ਦੇ ਚੌਕਾਂ ਵਿੱਚ ਆਵਾਜ਼ ਪੈਣ ਦੀ ਉਡੀਕ ਵਿੱਚ ਦਿਹਾੜੀਦਾਰ ਮਜ਼ਦੂਰ ਭੁੱਖਣ-ਭਾਣੇ ਖੜੇ ਦਿੱਸਦੇ ਸਨ, ਉਹ ਵੀ ਓਸੇ ਤਰ੍ਹਾਂ ਖੜੇ ਮਿਲੇ ਤੇ ਜਿਸ ਤਰ੍ਹਾਂ ਹਰ ਪਾਸੇ ਕੂੜੇ ਦੇ ਢੇਰ ਇੱਕ ਦਿਨ ਪਹਿਲਾਂ ਲੱਗੇ ਦਿੱਸਦੇ ਸਨ, ਨਵੇਂ ਸਾਲ ਮੌਕੇ ਫਿਰ ਵੇਖਣ ਨੂੰ ਮਿਲ ਗਏ। ਫਰਕ ਤਾਂ ਕੋਈ ਪਿਆ ਹੀ ਨਹੀਂ। ਰਾਜੀਵ ਗਾਂਧੀ ਜਦੋਂ ਪ੍ਰਧਾਨ ਮੰਤਰੀ ਬਣ ਗਿਆ ਤਾਂ ਉਸ ਨੇ ਹਰ ਰੋਜ਼ ਇਹ ਰਾਗ ਅਲਾਪਣਾ ਆਰੰਭ ਕਰ ਦਿੱਤਾ ਕਿ ਅਸੀਂ ਇੱਕੀਵੀਂ ਸਦੀ ਵਿੱਚ ਜਾਣ ਨੂੰ ਤਿਆਰ ਹੋ ਜਾਈਏ। ਜਦੋਂ ਉਹ ਜ਼ਿੰਦਾ ਨਹੀਂ ਰਿਹਾ ਤਾਂ ਉਸ ਦੇ ਪੱਕੇ ਭਗਤ ਅਤੇ ਵੇਖੋ-ਵੇਖੀ ਉਨ੍ਹਾਂ ਨਾਲ ਮੁਕਾਬਲੇ ਦੀ ਧਿਰ ਵਾਲੇ ਲੋਕ ਇਹੋ ਕੁਝ ਕਹਿਣ ਲੱਗ ਪਏ, ਸਗੋਂ ਨਵੀਂ ਗੱਲ ਇਹ ਜੁੜ ਗਈ ਸੀ ਕਿ ਅਸੀਂ ਨਵੇਂ ਮਿਲੇਨੀਅਮ ਦੇ ਸਵਾਗਤ ਦੀ ਵੀ ਤਿਆਰੀ ਸ਼ੁਰੂ ਕਰਨੀ ਹੈ। ਨਵਾਂ ਮਿਲੇਨੀਅਮ, ਭਾਵ ਦੋ ਹਜ਼ਾਰ ਸਾਲ ਪੂਰੇ ਹੋਣ ਪਿੱਛੋਂ ਤੀਸਰੇ ਹਜ਼ਾਰ ਦੀ ਸ਼ੁਰੂਆਤ ਦੇ ਸਾਲ ਅਤੇ ਇੱਕੀਵੀਂ ਸਦੀ ਦੇ ਸਵਾਗਤ ਦੀ ਤਿਆਰੀ ਲਈ ਰੌਲਾ ਪਈ ਜਾਂਦਾ ਸੀ। ਉਨ੍ਹੀਂ ਦਿਨੀਂ ਇੱਕ ਵਾਰ ਖਿਝ ਕੇ ਮੈਂ ਲਿਖਿਆਸੀ ਕਿ ਜੇ ਅਸੀਂ ਏਦਾਂ ਦੀ ਉਚੇਚੀ ਤਿਆਰੀ ਨਾ ਕਰਾਂਗੇ ਤਾਂ ਨਵਾਂ ਸਾਲ ਜਾਂ ਨਵੀਂ ਸਦੀ ਜਾਂ ਨਵਾਂ ਮਿਲੇਨੀਅਮ ਦੋ-ਚਾਰ ਸਾਲ ਲੇਟ ਨਹੀਂ ਹੋ ਜਾਣ ਲੱਗੇ ਤੇ ਜੇ ਇਹ ਨਵਾਂ ਸਾਲ ਨੇੜੇ ਵੇਖ ਕੇ ਅਸੀਂ ਜੁੱਤੀ ਹੱਥ ਵਿੱਚ ਫੜ ਕੇ ਸਰਪੱਟ ਦੌੜ ਪਏ ਤਾਂ ਨਵਾਂ ਮਿਲੇਨੀਅਮ ਦੋ ਸਾਲ ਪਹਿਲਾਂ ਨਹੀਂ ਆ ਜਾਣਾ।ਇਸ ਧਰਤੀ ਦੀ ਤੋਰ ਨਹੀਂ ਬਦਲਣੀ ਅਤੇ ਚੰਦ-ਸੂਰਜ ਦੀ ਸਥਿਤੀ ਵਿੱਚ ਫਰਕ ਨਹੀਂ ਪੈਣਾ, ਸਿਰਫ ਸਾਡੇ ਸੰਸਾਰ ਵਿੱਚ ਜ਼ਿੰਦਗੀ ਦੇ ਨਿੱਜੀ, ਸਮਾਜੀ ਜਾਂ ਸਰਕਾਰੀ ਕਾਰ-ਵਿਹਾਰ ਦੇ ਲੇਖੇ-ਪੱਤੇ ਵਾਸਤੇ ਪਲਾਂ, ਦਿਨਾਂ, ਹਫਤਿਆਂ, ਮਹੀਨਿਆਂ ਅਤੇ ਸਾਲਾਂ ਦੀ ਗਿਣਤੀ ਲਈ ਬਣਾਏ ਕੈਲੰਡਰ ਦਾ ਪੰਨਾ ਪਲਟ ਜਾਣਾ ਹੈ। ਇਸ ਦਾ ਮਹੱਤਵਪਤਾ ਨਹੀਂ, ਨਵੇਂ ਸਾਲ ਲਈ ਐਵੇਂ ਚਾਂਭਲਗਏ। ਇਸ ਤੋਂ ਪਹਿਲਾਂ ਲੰਘਿਆ ਸਾਲ ਸੰਸਾਰ ਦੇ ਲੋਕਾਂ ਲਈ ਯੂਕਰੇਨ ਅਤੇ ਰੂਸ ਵਾਲੀ ਜੰਗ ਨਹੀਂ ਸੀ ਮੁਕਾ ਸਕਿਆ ਤੇ ਫਲਸਤੀਨ ਨਾਲ ਇਸਰਾਈਲ ਦੀ ਨਵੀਂ ਜੰਗ ਛੇੜ ਕੇ ਖਿਸਕ ਗਿਆ ਹੈ। ਦੋਵਾਂ ਜੰਗਾਂ ਵਿੱਚ ਕਿੰਨੇ ਹਜ਼ਾਰ ਲੋਕ ਮਾਰੇ ਗਏ ਹਨ, ਅਗਲਾ ਸਾਲ ਕਿੰਨੇ ਹੋਰ ਲੋਕਾਂ ਦੀ ਜਾਨ ਦਾ ਖੌਅ ਬਣੇਗਾ, ਕਿਸੇ ਮਹਾਂਸ਼ਕਤੀ ਜਾਂ ਸੰਸਾਰ ਪੰਚਾਇਤ ਨੂੰ ਇਸ ਬਾਰੇ ਕੋਈ ਚਿੰਤਾ ਕਰਨ ਦੀ ਲੋੜ ਨਹੀਂ ਜਾਪਦੀ। ਦੁਨੀਆ ਦੇ ਕਿੰਨੇ ਦੇਸ਼ਾਂ ਵਿੱਚ ਕਿੰਨੇ ਲੋਕ ਅਜੇ ਤੱਕ ਭੁੱਖ-ਮਰੀ ਦਾ ਸ਼ਿਕਾਰ ਹੋਈ ਜਾਂਦੇ ਹਨ ਅਤੇ ਉਨ੍ਹਾਂ ਦੀ ਭੁੱਖ ਮਿਟਾਉਣ ਲਈ ਸੰਸਾਰ ਪੱਧਰ ਦੀਆਂ ਸਮਾਜੀ ਸੰਸਥਾਵਾਂ ਦੋ ਡੰਗ ਰੋਟੀ ਦਾ ਜੁਗਾੜ ਕਰਨ ਵਿੱਚ ਸਫਲਕਿਉਂ ਨਹੀਂ ਹੋ ਰਹੀਆਂ, ਇਹ ਕੋਈ ਸੋਚਦਾ ਹੀ ਨਹੀਂ। ਰਹਿਣ ਲਈ ਘਰ ਨਾ ਹੋਣਾ ਕਈ ਦੇਸ਼ਾਂ ਵਿੱਚ ਵੱਡਾ ਮੁੱਦਾ ਹੈ। ਨਵੇਂ ਸਾਲ ਦੇ ਜਸ਼ਨ ਮਨਾਉਣ ਵੇਲੇ ਸੜਕਾਂ ਦੇ ਫੁੱਟਪਾਥਾਂ ਜਾਂ ਫਲਾਈ-ਓਵਰਾਂ ਹੇਠਾਂ ਠੋਡੀ ਨਾਲ ਗੋਡੇ ਜੋੜ ਕੇ ਰਾਤ ਗੁਜ਼ਾਰਨ ਦਾ ਯਤਨ ਕਰਦੇ ਬੇ-ਘਰੇ ਲੋਕਾਂ ਦਾ ਕਿਸੇ ਨੂੰ ਕੋਈ ਖਿਆਲ ਹੀ ਨਹੀਂ ਆਇਆ।

ਅਸਲ ਵਿੱਚ ਸਾਡੇ ਲੋਕ ਨਿੱਤ ਦੀ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਤੋਂ ਏਨੇ ਖਿਝੇ ਅਤੇ ਅੱਕੇ ਪਏ ਹਨ ਕਿ ਜਦੋਂ ਵੀ ਕੋਈ ਮੌਕਾ ਮਾਨਣ ਦਾ ਰੌਲਾ ਸੁਣਨ ਤਾਂ ਉਸ ਰੌਲੇ ਦਾ ਹਿੱਸਾ ਬਣ ਕੇ ਦੋ ਪਲ ਖੁਸ਼ ਹੋਣ ਅਤੇ ਗਮ ਭੁਲਾ ਦੇਣ ਨੂੰ ਤਿਆਰ ਹੋ ਜਾਂਦੇ ਹਨ। ਥੋੜ੍ਹ-ਚਿਰੀ ਇਸ ਖੁਸ਼ੀ ਦਾ ਸਮਾਂ ਲੰਘਦੇ ਸਾਰ ਫਿਰ ਮਜਬੂਰੀਆਂ ਦੀ ਮਾਰ ਹੇਠ ਆ ਜਾਂਦੇ ਹਨ ਤੇ ਅਗਲਾ ਦਿਨ ਗੁਜ਼ਾਰਨ ਦੀ ਚਿੰਤਾ ਉਨ੍ਹਾਂ ਦੀ ਕੁਝ ਚਿਰ ਪਹਿਲਾਂ ਮਨਾਈ ਖੁਸ਼ੀ ਖੂੰਜੇ ਵਿੱਚ ਧੱਕ ਦੇਂਦੀ ਹੈ। ਵਕਤ ਦੀਆਂ ਸਰਕਾਰਾਂ ਚੰਗਾ ਜਾਂ ਮਾੜਾ ਦੀ ਚਿੰਤਾ ਕੀਤੇ ਬਗੈਰ ਅੱਜਕੱਲ੍ਹ ਵਿਕਦਾ ਮਾਲ ਵੇਚਣ ਦੀ ਬਾਜ਼ਾਰੂ ਮਾਨਸਿਕਤਾ ਹੇਠ ਆਪਣੀ ਲੋੜ ਦਾ ਕੋਈ ਨਵਾਂ ਰਾਜਸੀ ਨਾਅਰਾ ਨਵੇਂ ਲਿਸ਼ਕਦੇ ਰੂਪ ਵਿੱਚ ਪੇਸ਼ ਕਰ ਦੇਂਦੀਆਂ ਹਨ ਤੇ ਨਵਾਂ ਸਾਲ ਚੜ੍ਹਦਾ ਵੇਖ ਕੇ ਸਾਰੀਆਂ ਸਰਕਾਰਾਂ ਏਦਾਂ ਕਰਦੀਆਂ ਹਨ। ਏਦਾਂ ਦੇ ਨਾਅਰੇ, ਲਾਰੇ ਅਤੇ ਪੇਸ਼ਕਸ਼ਾਂ ਕਈ ਦਿਨ ਅਤੇ ਕਈ ਹਫਤੇ ਪਹਿਲਾਂ ਉਨ੍ਹਾਂ ਨੇ ਤਿਆਰ ਕਰਵਾ ਕੇ ਸੰਭਾਲੇ ਹੁੰਦੇ ਹਨ, ਨਵੇਂ ਸਾਲ ਮੌਕੇ ਲੋਕਾਂ ਅੱਗ ਪਰੋਸਣ ਦਾ ਕੰਮ ਕਰਨਾ ਬਾਕੀ ਹੁੰਦਾ ਹੈ। ਇਹ ਕੁਝ ਇਸ ਵਾਰੀ ਫਿਰਹੁੰਦਾ ਵੇਖ ਲਿਆ ਹੈ, ਸਗੋਂ ਇਸ ਵਾਰੀ ਇਹ ਕੁਝ ਪਹਿਲਾਂ ਨਾਲੋਂ ਵੱਧ ਹੋਇਆ ਹੈ, ਕਿਉਂਕਿ ਚੋਣਾਂ ਦੇ ਦਿਨ ਸਿਰ ਉੱਤੇ ਆਏ ਹੋਣ ਕਾਰਨ ਲੋਕਾਂ ਨੂੰ ਵੇਲੇ ਸਿਰ ਭਰਮਾਉਣ ਦਾ ਇਹ ਕੰਮ ਲੇਟ ਨਹੀਂ ਕੀਤਾ ਜਾ ਸਕਦਾ। ਸੰਸਾਰ ਦੇ ਲੋਕਾਂ ਨੇ ਇਸ ਵਾਰੀ ਨਵਾਂ ਸਾਲ ਮਨਾਉਂਦੇ ਵਕਤ ਇਹ ਵੀ ਨਹੀਂ ਸੋਚਿਆ ਕਿ ਨਵਾਂ ਸਾਲ ਪਤਾ ਨਹੀਂ ਕਿਹੜੇ ਦੇਸ਼ ਦੇ ਲੋਕਾਂ ਲਈ ਕਿਹੋ ਜਿਹਾ ਰਾਜਸੀਭਵਿੱਖ-ਨਕਸ਼ਾ ਪੇਸ਼ ਕਰ ਸਕਦਾ ਹੈ!ਨਵਾਂ ਸਾਲ ਸਿਰਫ ਭਾਰਤ ਲਈ ਨਹੀਂ, ਦੁਨੀਆ ਦੇ ਕਈ ਪ੍ਰਮੁੱਖ ਦੇਸ਼ਾਂ ਲਈ ਆਮ ਚੋਣਾਂ ਦਾ ਬੜਾ ਅਹਿਮ ਮੰਨਿਆ ਜਾਂਦਾ ਟਾਈਮ ਟੇਬਲ ਵੀ ਚੁੱਕੀ ਆਉਂਦਾ ਹੈ। ਕਿਸੇ ਨੂੰ ਚੇਤਾ ਹੀ ਨਹੀਂ ਕਿ ਇਸ ਸਾਲ ਸੰਸਾਰ ਦੇ ਲੋਕਤੰਤਰੀ ਦੇਸ਼ਾਂ ਦੀ ਅੱਧੀ ਦੇ ਕਰੀਬ ਆਬਾਦੀ ਚੋਣ-ਨਦੀ ਦੇ ਕੰਢੇ ਖੜੀ ਹੋਣ ਵਾਲੀ ਹੈ। ਜਦੋਂ ਇਹੀ ਪਤਾ ਨਹੀਂ ਤਾਂ ਅਗਲੀ ਗੱਲ ਕਿ ਚੋਣਾਂ ਵਿੱਚੋਂ ਕੀ ਨਿਕਲੇਗਾ, ਕੋਈ ਸੋਚਦਾ ਹੀ ਨਹੀਂ।

ਸੰਸਾਰ ਦੇ ਪ੍ਰਮੁੱਖ ਲੋਕਤੰਤਰੀ ਦੇਸ਼ਾਂ ਵਿੱਚੋਂ ਸਾਰਿਆਂ ਤੋਂ ਵੱਡੇ ਦੇਸ਼ ਭਾਰਤ ਵਿੱਚ ਵੀ ਇਸ ਸਾਲ ਪਾਰਲੀਮੈਂਟ ਚੋਣ ਹੋਣੀ ਹੈ, ਜਿਹੜੀ ਹੋਈ ਤਾਂਅਠਾਰਾਂ ਵਾਰ ਪਹਿਲਾਂ ਵੀ ਹੈ, ਪਰ ਇਸ ਵਾਰ ਇਹ ਪਹਿਲਾਂ ਵਰਗੀ ਨਹੀਂ। ਜ਼ਿੰਦਗੀ ਦੇ ਆਮ ਮੁੱਦੇ ਇਸ ਵਾਰੀ ਪਿੱਛੇ ਧੱਕ ਕੇ ਦੇਸ਼ ਦੇ ਭਵਿੱਖ ਦੀ ਚੋਣ ਲਈ ਵੱਡਾ ਮੁੱਦਾ ਧਰਮ ਦਾ ਬਣਨ ਦੀ ਜਿਹੜੀ ਸੰਭਾਵਨਾ ਬਣ ਚੁੱਕੀ ਹੈ, ਭਗਵਾਨ ਰਾਮ ਦੇ ਜਨਮ ਸਥਾਨ ਵਾਲੇ ਮੰਦਰ ਦਾ ਪ੍ਰਾਣ ਪ੍ਰਤਿਸ਼ਠਾ ਸਮਾਗਮ ਉਸ ਚੋਣ ਦਾ ਇੱਕ ਅੰਗ ਮੰਨਿਆ ਜਾ ਰਿਹਾ ਹੈ। ਇਸ ਲਈ ਇਸ ਵਾਰੀ ਸਾਰਾ ਚੋਣ ਦ੍ਰਿਸ਼ ਬਦਲ ਸਕਦਾ ਹੈ। ਕੇਂਦਰ ਵਿੱਚ ਰਾਜ ਕਰਦੀ ਧਿਰ ਦੇ ਮੁਕਾਬਲੇ ਲਈ ਬਣਾਇਆ 'ਇੰਡੀਆ' ਗੱਠਜੋੜ ਅਜੇ ਤੱਕ ਆਪਣੇ ਨਿੱਕੇ ਤੰਬੂ ਵਿਚਲੇ ਵੱਡੇ-ਵੱਡੇ ਸਿੰਗਾਂ ਵਾਲੇ ਕਈ ਆਗੂਆਂ ਦੀ ਖਹਿਬਾਜ਼ੀ ਤੋਂ ਛੁਟਕਾਰਾ ਨਹੀਂ ਪਾ ਸਕਿਆ ਤੇ ਜਿਹੜੀ ਧਿਰ ਨਾਲ ਪੇਚਾ ਪੈਣਾ ਹੈ, ਉਨ੍ਹਾਂ ਦਾ ਲੀਡਰ ਕੌਣ ਹੋਵ-ਗਾ, ਇਹ ਗੱਲ ਪੁੱਛਣ ਦੀ ਕਿਸੇ ਦੀ ਜੁਰਅੱਤ ਹੀ ਨਹੀਂ। ਸਾਰੀ ਦੁਨੀਆ ਵਿੱਚ ਇੱਕ ਪਾਰਟੀ ਜਾਂ ਪਾਰਟੀ ਦੇ ਪਿੱਛੇ ਖੜੇ ਪਰਵਾਰ ਦੀ ਵਿਚਾਰਧਾਰਾ ਦੀ ਚਰਚਾ ਅੱਜਕੱਲ੍ਹ ਨਹੀਂ ਹੁੰਦੀ, ਇਹ ਕੁਝ ਭਾਰਤ ਵਿੱਚਪਿੱਛੇ ਰਹਿ ਗਿਆ ਅਤੇ ਸਿਰਫ ਇੱਕ ਵਿਅਕਤੀ ਦੀ ਗਾਰੰਟੀ ਨਾਲ ਅਗਲੀ ਚੋਣ ਜਿੱਤਣ ਦਾ ਦਾਅ ਖੇਡਣ ਦਾ ਮਾਹੌਲ ਬਣ ਗਿਆ ਜਾਪਦਾ ਹੈ। ਦੁਨੀਆ ਦੇ ਲੋਕਤੰਤਰੀ ਦੇਸ਼ ਕਿੱਧਰ ਰਿੜ੍ਹ ਸਕਦੇ ਹਨ, ਇਹ ਵੀ ਚਿੰਤਾ ਕਿਸੇ ਨੂੰ ਨਹੀਂ ਰਹੀ, ਹਾਲਾਂਕਿ ਇਸ ਨਾਲ ਮਨੁੱਖਤਾ ਦਾ ਭਵਿੱਖ ਜੁੜਿਆ ਹੈ। ਸੁਪਰੀਮ ਕੋਰਟ ਦਾ ਇੱਕ ਵਕੀਲ ਕਹਿੰਦਾ ਹੈ ਕਿ ਇਹ ਚੋਣ ਭਾਰਤ ਦੀ ਅਗਲੀ ਸਰਕਾਰ ਚੁਣਨ ਦੀ ਥਾਂ ਇਸ ਲਈ ਹੋਣ ਵਾਲੀ ਹੈ ਕਿ ਇਸ ਤੋਂ ਬਾਅਦ ਕਿਸੇ ਚੋਣ ਦੀ ਲੋੜ ਰਹੇਗੀ ਜਾਂ ਨਹੀਂ! ਦੇਸ਼ ਦੇ ਲੋਕ ਇਸ ਬਾਰੇ ਨਹੀਂ ਸੋਚਦੇ।

ਜਦੋਂ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਭਾਰਤ ਦੇ ਲੋਕ ਅਗਲੀ ਚੋਣ ਲਈ ਤਿਆਰ ਹੋ ਰਹੇ ਹਨ, ਦੁਨੀਆ ਦੀ ਇਕਲੌਤੀ ਮਹਾਂਸ਼ਕਤੀ ਅਖਵਾਉਂਦੇ ਅਮਰੀਕਾ ਦੀ ਚੋਣ ਵੀ ਏਸੇ ਸਾਲ ਹੋਣ ਵਾਲੀ ਹੈ ਤੇ ਓਥੇ ਵੀ ਏਦਾਂ ਦਾ ਮੁੱਦਾ ਉੱਭਰ ਰਿਹਾ ਹੈ, ਜਿਸ ਬਾਰੇ ਸੋਚਣਾ ਬਣਦਾ ਹੈ, ਪਰ ਲੋਕ ਨਹੀਂ ਸੋਚ ਰਹੇ। ਸਭ ਨੂੰ ਪਤਾ ਹੈ ਕਿ ਪਿਛਲੀ ਵਾਰ ਦੀ ਰਾਸ਼ਟਰਪਤੀ ਚੋਣ ਦੇ ਨਤੀਜੇ ਤੋਂ ਪਹਿਲਾਂ ਡੋਨਾਲਡ ਟਰੰਪ ਨੇ ਬਿਆਨ ਦਾਗਿਆ ਸੀ ਕਿ ਚੋਣ ਹਾਰ ਵੀ ਗਿਆ ਤਾਂ ਕੁਰਸੀ ਕਦੇ ਨਹੀਂ ਛੱਡਾਂਗਾ। ਫਿਰ ਉਸ ਨੇ ਕੁਰਸੀ ਉੱਤੇ ਟਿਕੇ ਰਹਿਣ ਨੂੰ ਜ਼ੋਰ ਵੀ ਲਾਇਆ ਸੀ। ਸਾਰੇ ਦੇਸ਼ ਦੀ ਚੋਣ ਪ੍ਰਕਿਰਿਆ ਨੂੰ ਚੁਣੌਤੀ ਵੀ ਦਿੱਤੀ ਅਤੇ ਗੱਲ ਜਦੋਂ ਪਾਰਲੀਮੈਂਟ ਤੋਂ ਉਸ ਚੋਣ ਦੇ ਨਤੀਜੇ ਦੀ ਤਸਦੀਕ ਹੋਣ ਦੇ ਪੜਾਅ ਤੱਕ ਪਹੁੰਚੀ ਤਾਂ ਟਰੰਪ ਦੇ ਸਮੱਰਥਕਾਂ ਦੀ ਭੀੜ ਨੇ ਪਾਰਲੀਮੈਂਟ ਉੱਤੇ ਹਮਲਾਕਰ ਦਿੱਤਾ ਸੀ। ਫਿਰ ਜਦੋਂ ਪਾਰਲੀਮੈਂਟ ਨੇ ਚੋਣ ਦਾ ਨਤੀਜਾ ਪ੍ਰਵਾਨ ਕਰ ਲਿਆ ਤਾਂ ਡੋਨਾਲਡ ਟਰੰਪ ਨੂੰ ਗੱਦੀ ਛੱਡਣੀ ਪਈ ਸੀ, ਪਰ ਇਸ ਵਾਰ ਉਸ ਦੇ ਸਮੱਰਥਕ ਇਹ ਕਹਿਣੋਂ ਬਿਲਕੁਲ ਨਹੀਂ ਝਿਜਕਦੇ ਕਿ ਦੋਬਾਰਾ ਮੌਕਾ ਮਿਲਿਆ ਤਾਂ ਨਤੀਜੇ ਨੂੰ ਪਾਰਲੀਮੈਂਟ ਤੋਂ ਪਾਸ ਕਰਵਾਉਣ ਦਾ ਰਾਹ ਹੀ ਨਹੀਂ ਰਹਿਣ ਦੇਣਾ, ਇਸ ਕਾਰਨ ਚੋਣ ਕਾਨੂੰਨ ਬਦਲਣ ਦੀ ਨੌਬਤ ਆ ਸਕਦੀ ਹੈ। ਇਸ ਨੂੰ ਭਾਰਤ ਦੀ ਅਗਲੀ ਲੋਕ ਸਭਾ ਚੋਣ ਅਤੇ ਉਸੇ ਸੰਬੰਧ ਵਿੱਚ ਸੁਪਰੀਮ ਕੋਰਟ ਦੇ ਇੱਕ ਵਕੀਲ ਵੱਲੋਂ ਕਹੀ ਗਈ ਉਸ ਦੇ ਮਨ ਦੀ ਗੱਲ ਨਾਲ ਜੋੜ ਲਿਆ ਜਾਵੇ ਤਾਂ ਨਵਾਂ ਸਾਲ ਮਨਾਉਣ ਰੁੱਝੀ ਹੋਈ ਦੁਨੀਆ ਨੂੰ ਸੰਸਾਰ ਦੇ ਭਵਿੱਖ ਬਾਰੇ ਨਵੇਂ ਸਿਰਿਉਂ ਸੋਚਣ ਦੀ ਲੋੜ ਪੈ ਸਕਦੀ ਹੈ।

ਅਗਲੀ ਗੱਲ ਇਹ ਕਿ ਸੰਸਾਰ ਦੇ ਸਭ ਤੋਂ ਵੱਡੇ ਲੋਕਤੰਤਰ ਭਾਰਤ ਅਤੇ ਅਜੋਕੇ ਸੰਸਾਰ ਦੀ ਮਹਾਂਸ਼ਕਤੀਹੋਣ ਦੇ ਇਕਲੌਤੇ ਦਾਅਵੇਦਾਰ ਦੇਸ਼ ਅਮਰੀਕਾ ਵਿੱਚ ਤਾਂ ਚੋਣਾਂ ਹੋਣੀਆਂ ਹੀ ਹਨ, ਜਿਹੜੇ ਹੋਰ ਦੇਸ਼ਾਂ ਵਿੱਚ ਇਸ ਸਾਲ ਲਈ ਚੋਣਕੈਲੰਡਰ ਤਿਆਰ ਹੈ, ਉਨ੍ਹਾਂ ਦੀ ਸਥਿਤੀ ਬਾਰੇ ਵੀ ਸੋਚਣਾ ਚਾਹੀਦਾ ਹੈ। ਸਾਡੇ ਲੋਕਾਂ ਨੂੰ ਆਪਣੇ ਦੇਸ਼ ਤੋਂ ਵੱਧ ਸੋਚਣ ਦੀ ਲੋੜ ਪਵੇ ਤਾਂ ਗਵਾਂਢ ਪਾਕਿਸਤਾਨ ਦੇ ਹਾਲਾਤ ਬਾਰੇ ਸਭ ਤੋਂ ਪਹਿਲਾਂ ਸੋਚਦੇ ਹਨ। ਓਥੋਂ ਦੀ ਚੋਣ ਅੱਠ ਫਰਵਰੀ ਨੂੰ ਹੋਣੀ ਤੈਅ ਹੋ ਚੁੱਕੀ ਸੀ, ਪਰ ਚਾਰ ਜਨਵਰੀ ਨੂੰ ਪਾਰਲੀਮੈਂਟ ਦੇ ਉੱਪਰਲੇ ਹਾਊਸ ਸੈਨੇਟ ਨੇ ਮਤਾ ਪਾਸ ਕਰ ਦਿੱਤਾ ਕਿ ਚੋਣ ਮੁਲਤਵੀ ਕਰ ਦੇਣੀ ਚਾਹੀਦੀ ਹੈ। ਫਿਰ ਚੋਣ ਦਾ ਕੀ ਹੋਵੇਗਾ, ਇਸ ਬਾਰੇ ਉਸ ਦੇਸ਼ ਵਿੱਚ ਕੋਈ ਨਹੀਂ ਜਾਣਦਾ। ਬਜ਼ੁਰਗ ਵਿਅੰਗਕਾਰ ਅਨਵਰ ਮਕਸੂਦ ਕਈ ਹਫਤੇ ਪਹਿਲਾਂ ਕਹਿ ਚੁੱਕਾ ਹੈ ਕਿ ਚੋਣਾਂ ਹੋਣਗੀਆਂ ਵੀ ਜਾਂ ਨਹੀਂ, ਇਹ ਪਾਕਿਸਤਾਨ ਦੀ ਸਰਕਾਰ ਵੀ ਨਹੀਂ ਜਾਣਦੀ, ਚੋਣ ਕਮਿਸ਼ਨ ਵੀ ਨਹੀਂ ਜਾਣਦਾ, ਸੁਪਰੀਮ ਕੋਰਟ ਵੀ ਨਹੀਂ, ਸਗੋਂ ਅਮਰੀਕਾ ਵੀ ਨਹੀਂ ਅਤੇ ਏਥੋਂ ਤੱਕ ਕਿ ਅੱਲ੍ਹਾ ਵੀ ਨਹੀਂ ਜਾਣਦਾ, ਸਿਰਫ ਫੌਜ ਜਾਣਦੀ ਹੈ। ਉਸ ਦੇ ਇਸ ਵਿਅੰਗ ਦੇ ਬਾਅਦ ਉਸ ਦੇਸ਼ ਬਾਰੇ ਕੁਝ ਕਹਿਣ ਦੀ ਲੋੜ ਕਿਸੇ ਨੂੰ ਨਹੀਂ ਰਹਿੰਦੀ। ਪਿਛਲੀ ਵਾਰੀ ਜਦੋਂ ਇਮਰਾਨ ਖਾਨ ਚੋਣ ਜਿੱਤ ਗਿਆ ਤਾਂ ਉਸ ਦੇ ਸਹੁੰ ਚੁੱਕਣ ਤੋਂ ਕੁਝ ਮਿੰਟ ਪਹਿਲਾਂ ਫੌਜ ਦੇ ਮੁਖੀ ਨੇ ਮਹਿਮਾਨਾਂ ਦੀ ਚੌਥੀ ਕਤਾਰ ਵਿੱਚ ਬੈਠੇ ਭਾਰਤ ਤੋਂ ਉਚੇਚੇ ਗਏ ਨਵਜੋਤ ਸਿੱਧੂ ਨੂੰ ਆਪ ਕੋਲ ਜਾ ਕੇ ਕਿਹਾ ਸੀ: ਸਿੱਧੂ ਸਾਹਿਬ, ਤੁਹਾਨੂੰ ਮੁਬਾਰਕ, ਅਸੀਂ ਕਰਤਾਰਪੁਰ ਸਾਹਿਬ ਦਾ ਲਾਂਘਾ ਤੁਹਾਡੇ ਲਈ ਇਸ ਸਾਲ ਖੋਲ੍ਹ ਦੇਣਾ ਹੈ। ਇਹ ਸੁਨੇਹਾ ਨਵਜੋਤ ਸਿੱਧੂ ਵਾਸਤੇ ਨਹੀਂ, ਨਵੀਂ ਸਰਕਾਰ ਦੇ ਮੁਖੀ ਵਾਸਤੇ ਸੀ ਕਿ ਤੂੰ ਪ੍ਰਧਾਨ ਮੰਤਰੀ ਬੇਸ਼ੱਕ ਬਣਦਾ ਫਿਰ, ਗਵਾਂਢੀ ਦੇਸ਼ ਨਾਲ ਸਰਹੱਦ ਵਿੱਚ ਲਾਂਘਾ ਕੱਢਣ ਦਾ ਫੈਸਲਾ ਕਰਨ ਦਾ ਅਧਿਕਾਰ ਤੈਨੂੰ ਨਹੀਂ, ਸਿਰਫ ਫੌਜ ਨੂੰ ਹੈ ਅਤੇ ਇਸ ਨਾਲ ਇਹ ਸੰਦੇਸ਼ ਵੀ ਦੇ ਦਿੱਤਾ ਕਿ ਆਪਣੀ ਹੱਦ ਵਿੱਚ ਰਹਿਣਾ ਸਿੱਖ ਲਵੀਂ, ਜਦੋਂ ਕਦੇ ਤੂੰ ਹੱਦ ਪਾਰ ਕਰੇਂਗਾ ਤਾਂ ਕੁਰਸੀ ਛੱਡਣੀ ਪੈ ਸਕਦੀ ਹੈ। ਪਿੱਛੋਂ ਇਹੀ ਹੋਇਆ ਸੀ।

ਭਾਰਤ, ਅਮਰੀਕਾ ਜਾਂ ਪਾਕਿਸਤਾਨ ਹੀ ਕਿਉਂ, ਇਸ ਨਵੇਂ ਸਾਲ ਵਿੱਚ ਈਰਾਨ ਵਿੱਚ ਵੀ ਚੋਣਾਂ ਹੋਣੀਆਂ ਤੈਅ ਹਨ ਅਤੇ ਉਸ ਦੇਸ਼ ਵਿੱਚ ਕਿੱਦਾਂ ਦੀ ਸਰਕਾਰ ਬਣੇ, ਆਮ ਲੋਕ ਇਸ ਬਾਰੇ ਸੋਚਣ ਜਾਂ ਨਾ ਸੋਚਣ, ਅਮਰੀਕਾ ਵਰਗੇ ਦੁਨੀਆ ਭਰ ਦੇ ਲੋਕਤੰਤਰ ਦੀ ਠੇਕੇਦਾਰੀ ਕਰਨ ਵਾਲਿਆਂ ਨੂੰ ਉਸ ਦੀ ਚਿੰਤਾ ਆਪਣੀ ਚੋਣ ਤੋਂ ਵੱਧ ਰਹਿੰਦੀ ਹੈ। ਇਸ ਦਾ ਕਾਰਨ ਇਹ ਹੈ ਕਿ ਈਰਾਨ ਪਿਛਲੇ ਚਾਰ ਦਹਾਕਿਆਂ ਤੋਂ ਵੱਧ ਸਮੇਂ ਤੋਂ ਪੱਛਮ ਦੀ ਅਗਵਾਈ ਵਾਲੇ ਸੰਸਾਰਕ ਧੜੇ ਵਿਚਲੇ ਦੇਸ਼ਾਂ ਦੀ ਸਾਂਝੀ ਕਮਾਨ ਲਈ ਹਮੇਸ਼ਾ ਤੋਂ ਅੱਖ ਦਾ ਕੁੱਕਰਾ ਬਣਿਆ ਰਿਹਾ ਹੈ। ਆਹ ਨਵਾਂ ਸਾਲ ਜਦੋਂ ਚੜ੍ਹਿਆ ਤਾਂ ਤੀਸਰੇ ਦਿਨ ਧਮਾਕੇ ਨਾਲਉਸ ਦੇਸ਼ ਵਿੱਚ ਸੌ ਦੇ ਕਰੀਬ ਲੋਕ ਮਾਰੇ ਗਏ ਸਨ। ਸੰਸਾਰ ਪੱਧਰ ਦੀ ਇੱਕ ਦਹਿਸ਼ਤਗਰਦ ਜਥੇਬੰਦੀ ਨੇ ਇਸ ਵਾਰਦਾਤ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ ਤਾਂ ਇਸ ਨਾਲ ਨਵੇਂ ਸਾਲ ਵਿੱਚ ਇੱਕ ਖਾਸ ਧਰਮ ਦੇ ਅੰਦਰ ਹੀ ਮੁੱਢਾਂ ਤੋਂ ਚੱਲੀਆਂ ਆਈਆਂ ਦੋ ਧਾਰਾਵਾਂ ਦੇ ਟਕਰਾਅ ਦੀ ਨਵੀਂ ਲਹਿਰ ਦਾ ਸੰਕੇਤ ਮਿ-ਲਆ ਹੈ। ਜਿਸ ਜਥੇਬੰਦੀ ਨੇ ਇਹ ਧਮਾਕਾ ਕਰਨ ਦੀ ਜ਼ਿੰਮੇਵਾਰੀ ਲਈ ਹੈ, ਉਹ ਪਹਿਲਾਂ ਇਰਾਕ ਅਤੇ ਇਸ ਨਾਲ ਜੁੜੇ ਲੇਵਾਂਤ ਦੇ ਪੂਰੇ ਖੇਤਰਵੱਲੋਂ ਸ਼ੁਰੂ ਹੋ ਕੇ ਸਾਰਾ ਜਹਾਨ ਜਿੱਤਣ ਤੱਕ ਦੇ ਨਾਅਰੇ ਉਛਾਲ ਚੁੱਕੀ ਹੈਅਤੇ ਆਪਣੀ ਜੰਗੀ ਤਾਕਤ ਨਾਲ ਸੰਸਾਰ ਦੀਆਂ ਅਮਰੀਕਾ ਤੋਂ ਰੂਸ ਤੱਕ ਦੀਆਂ ਸਭ ਪ੍ਰਮੁੱਖ ਤਾਕਤਾਂ ਨੂੰ ਕੰਬਣੀ ਛੇੜ ਚੁੱਕੀ ਹੈ। ਇਹੋ ਜਿਹੇ ਹਾਲਾਤ ਵਿੱਚ ਈਰਾਨ ਵਰਗੇ ਦੇਸ਼ ਵਿੱਚ ਜਦੋਂ ਇਸ ਸਾਲ ਚੋਣਾਂ ਹੋਣੀਆਂ ਹਨ ਤਾਂ ਇਹ ਸਾਧਾਰਨ ਚੋਣਾਂ ਨਾ ਰਹਿ ਕੇ ਕੱਟੜਪੰਥ ਦੇ ਮਾਮਲੇ ਵਿੱਚ ਇੱਕ ਨਵੀਂ ਅਤੇ ਪਹਿਲਾਂ ਤੋਂ ਵੀ ਹੋਰ ਤਿੱਖੀ ਉੱਠਦੀ ਲਹਿਰ ਦਾ ਪੜੁੱਲ ਬਣ ਸਕਦੀਆਂ ਹਨ।

ਠੀਕ ਹੈ ਕਿ ਕਹਿਣ ਖਾਤਰ ਅਸੀਂ ਇੱਕ-ਦੂਸਰੇ ਨੂੰ ਨਵੇਂ ਸਾਲ ਲਈ ਸ਼ੁਭ ਕਾਮਨਾਵਾਂ ਦੇਣ ਵਿੱਚ ਕਿਸੇ ਤਰ੍ਹਾਂ ਦੀ ਕਸਰ ਨਹੀਂ ਰੱਖੀ, ਪਰ ਜਿੱਦਾਂ ਦੇ ਸੰਕੇਤ ਮਿਲਦੇ ਹਨ, ਮਨੁੱਖਤਾ ਨੇ ਸਿਰਫ ਕਾਮਨਾਵਾਂ ਦੀ ਕਿਸ਼ਤੀ ਵਿੱਚ ਸਵਾਰ ਹੋ ਕੇ ਪਾਰ ਨਹੀਂ ਲੱਗਣਾ। ਮਾਮਲਾ 'ਇੱਕ ਨੂੰ ਕੀ ਰੋਨੀ ਏਂ, ਊਤ ਗਿਆ ਈ ਆਵਾ' ਵਾਲਾ ਬਣ ਚੁੱਕਾ ਹੈ। ਦੁਨੀਆ ਦੇ ਹਰ ਕੋਨੇ ਵਿੱਚ ਜਿੱਦਾਂ ਕੱਟੜਪੰਥ ਦੀ ਉਠਾਣ ਦੇ ਅਵਾੜੇ ਸੁਣਦੇ ਹਨ, ਇਸ ਸੰਸਾਰ ਦੀ ਹੋਂਦ ਵਾਸਤੇ ਉਹ ਕਿਹੋ ਜਿਹੇ ਸਿੱਟੇ ਕੱਢਣ ਵਾਲੇ ਸਾਬਤ ਹੋ ਸਕਦੇ ਹਨ, ਕਹਿਣ ਵਿੱਚ ਝਿਜਕ ਮਹਿਸੂਸ ਹੁੰਦੀ ਹੈ। ਫਿਰ ਵੀ ਹਕੀਕਤ ਤਾਂ ਹਕੀਕਤ ਹੁੰਦੀ ਹੈ। ਜਿੱਦਾਂ ਦੇ ਹਾਲਾਤ ਹੋਣਗੇ, ਵੇਖੇ ਜਾਣਗੇ, ਹਾਲ ਦੀ ਘੜੀ ਆਪਾਂ ਸਾਰੇ ਹੈਪੀ ਨਿਊ ਯੀਅਰ ਕਹੀ ਜਾਈਏ।




# ਸਕੂਲਾਂ ਵਿਚ ਵਿੱਦਿਅਕ ਮਿਆਰ ਬਾਰੇ ਸਰਵੇਖਣ

-ਵਿਜੈ ਗਰਗ-



ਸਕੂਲਾਂ ਵਿਚ ਵਿੱਦਿਅਕ ਮਿਆਰ ਬਾਰੇ ਸਰਵੇਖਣ ਨੇ ਪੰਜਾਬ ਦੇ ਸਕੂਲਾਂ ਦੇ ਵਿੱਦਿਅਕ ਸੰਕਟ ਨੂੰ ਫਿਰ ਉਭਾਰਿਆ ਹੈ। ਇਸ ਸਰਵੇਖਣ ਵਿਚ ਤੀਸਰੀ ਤੋਂ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀ ਸ਼ਾਮਿਲ ਸਨ। ਸਭ ਤੋਂ ਗੰਭੀਰ ਸਮੱਸਿਆ ਇਹ ਹੈ ਕਿ ਇਨ੍ਹਾਂ ਵਿਦਿਆਰਥੀਆਂ 'ਚੋਂ ਸਿਰਫ਼ 39 ਫ਼ੀਸਦੀ ਵਿਦਿਆਰਥੀ ਪੰਜਾਬੀ ਲਿਖਤ (ਕਹਾਣੀ, ਲੇਖ ਆਦਿ) ਪੂਰੀ ਤਰ੍ਹਾਂ ਪੜ੍ਹ ਸਕਦੇ ਹਨ; 15 ਫ਼ੀਸਦੀ ਵਿਦਿਆਰਥੀਆਂ ਨੂੰ ਪੈਂਤੀ (ਗੁਰਮੁਖੀ ਦੇ ਅੱਖਰਾਂ) ਦੀ ਸਿਰਫ਼ ਪਛਾਣ ਹੈ ਅਤੇ 4 ਫ਼ੀਸਦੀ ਤਾਂ ਅੱਖਰ ਵੀ ਪਛਾਣ ਨਹੀਂ ਸਕਦੇ; 22 ਫ਼ੀਸਦੀ ਵਿਦਿਆਰਥੀ ਸਿਰਫ਼ ਅੱਖਰ ਪਛਾਣ-ਪੜ੍ਹ ਸਕਦੇ ਹਨ। ਹਿਸਾਬ ਦੇ ਖੇਤਰ ਵਿਚ ਸੰਕਟ ਹੋਰ ਵੀ ਡੂੰਘਾ ਹੈ; 2 ਫ਼ੀਸਦੀ ਬੱਚੇ ਤਾਂ ਹਿੰਦਸੇ ਵੀ ਨਹੀਂ ਪਛਾਣ ਸਕਦੇ ਅਤੇ 8 ਫ਼ੀਸਦੀ ਸਿਰਫ਼ 9 ਤੱਕ ਦੇ ਹਿੰਦਸੇ ਪਛਾਣਦੇ ਹਨ; 16 ਫ਼ੀਸਦੀ ਵਿਦਿਆਰਥੀਆਂ ਦੀ ਸਮਰੱਥਾ 11-99 ਤੱਕ ਹਿੰਦਸੇ ਪਛਾਣਨ ਤੱਕ ਸੀਮਤ ਹੈ ਪਰ ਉਹ ਹਿਸਾਬ ਦੀ ਕੋਈ ਵਿਧੀ (ਜਮ੍ਹਾਂ-ਘਟਾਉ, ਜ਼ਰਬ-ਤਕਸੀਮ ਆਦਿ) ਨਹੀਂ ਜਾਣਦੇ। ਸਿਰਫ਼ 37 ਫ਼ੀਸਦੀ ਬੱਚੇ ਘਟਾਉ ਜਾਂ ਤਕਸੀਮ ਆਦਿ ਕਰ ਸਕਦੇ ਹਨ। ਅੰਗਰੇਜ਼ੀ ਦੀ ਪੜ੍ਹਾਈ ਦੀ ਸਥਿਤੀ ਅਤਿਅੰਤ ਗੰਭੀਰ ਹੈ।

ਇਸ ਵਿਚ ਕਸੂਰ ਕਿਸ ਦਾ ਹੈ? ਵਿਦਿਆਰਥੀਆਂ, ਅਧਿਆਪਕਾਂ ਜਾਂ ਮਾਪਿਆਂ ਦਾ? ਵਿਦਿਆਰਥੀ ਰੋਜ਼ਾਨਾ 6-7 ਘੰਟੇ ਸਕੂਲ ਵਿਚ ਬਿਤਾਉਂਦੇ ਹਨ ਅਤੇ ਇਹ ਸਿਲਸਿਲਾ ਕਈ ਵਰ੍ਹੇ ਜਾਰੀ ਰਹਿੰਦਾ ਹੈ। 1950-70ਵਿਆਂ ਵਿਚ ਸਰਕਾਰੀ ਸਕੂਲਾਂ ਵਿਚ ਪੜ੍ਹੇ ਹੋਏ ਲੋਕ ਆਪਣੇ ਸਮਿਆਂ ਦੇ ਸਿੱਖਿਆ ਦੇ ਮਿਆਰਾਂ ਨੂੰ ਯਾਦ ਕਰਦੇ ਹੋਏ ਇਹ ਸਵਾਲ ਪੁੱਛਦੇ ਹਨ ਕਿ ਇਹ ਕਿਵੇਂ ਸੰਭਵ ਹੈ ਕਿ ਪੰਜ ਜਮਾਤਾਂ (ਪ੍ਰਾਇਮਰੀ) ਪੜ੍ਹੇ ਹੋਏ ਬੱਚੇ ਨੂੰ ਪੰਜਾਬੀ ਲਿਖਣੀ ਤੇ ਪੜ੍ਹਨੀ ਅਤੇ ਪਹਾੜੇ ਨਾ ਆਉਂਦੇ ਹੋਣ। ਉਹ ਇਹ ਵੀ ਦੱਸਦੇ ਹਨ ਕਿ ਉਨ੍ਹਾਂ ਦੇ ਸਕੂਲੀ ਵਿੱਦਿਆ ਪ੍ਰਾਪਤ ਕਰਨ ਦੇ ਸਮਿਆਂ ਵਿਚ ਅਧਿਆਪਕ ਘੱਟ ਪੜ੍ਹੇ-ਲਿਖੇ ਸਨ ਅਤੇ ਸਕੂਲਾਂ ਵਿਚ ਸਹੂਲਤਾਂ ਵੀ ਸੀਮਤ ਸਨ, ਫਿਰ ਵੀ ਸਾਰੇ ਵਿਦਿਆਰਥੀਆਂ ਨੂੰ ਮੁੱਢਲਾ ਗਿਆਨ ਹੁੰਦਾ ਸੀ, ਖ਼ਾਸ ਕਰ ਕੇ ਪੰਜਾਬੀ ਅਤੇ ਹਿਸਾਬ ਦਾ। ਇਹ ਸਹੀ ਹੈ ਕਿ ਉਨ੍ਹਾਂ ਸਮਿਆਂ ਵਿਚ ਵਿਦਿਆਰਥੀਆਂ ਨੂੰ ਅੰਗਰੇਜ਼ੀ ਪੜ੍ਹਨ ਵਿਚ ਮੁਸ਼ਕਿਲਾਂ ਪੇਸ਼ ਆਉਂਦੀਆਂ ਸਨ ਪਰ ਇਸ ਦੇ ਬਾਵਜੂਦ 8ਵੀਂ-10ਵੀਂ ਜਮਾਤ ਤੱਕ ਜਾਂਦੇ ਜਾਂਦੇ ਵਿਦਿਆਰਥੀ ਸਰਲ ਅੰਗਰੇਜ਼ੀ ਪੜ੍ਹਨ ਤੇ ਲਿਖਣ ਦੀ ਸਮਰੱਥਾ ਹਾਸਿਲ ਕਰ ਲੈਂਦੇ ਸਨ। ਹੁਣ ਹੋਏ ਸਰਵੇਖਣ ਵਿਚ ਸਿਰਫ਼ 20 ਫ਼ੀਸਦੀ ਵਿਦਿਆਰਥੀ ਹੀ ਅੰਗਰੇਜ਼ੀ ਲਿਖਤ (ਕਵਿਤਾ, ਲੇਖ ਆਦਿ) ਪੜ੍ਹ ਸਕਦੇ ਹਨ, 4 ਫ਼ੀਸਦੀ ਅੰਗਰੇਜ਼ੀ ਅੱਖਰ ਪਛਾਣ ਵੀ ਨਹੀਂ ਸਕਦੇ; 15 ਫ਼ੀਸਦੀ ਵਿਦਿਆਰਥੀਆਂ ਦੀ ਸਮਰੱਥਾ ਅੱਖਰ ਪਛਾਣਨ ਤੱਕ ਸੀਮਤ ਹੈ ਅਤੇ 22 ਫ਼ੀਸਦੀ ਵਿਦਿਆਰਥੀ ਸ਼ਬਦਾਂ ਨੂੰ ਸਿਰਫ਼ ਪੜ੍ਹ-ਪਛਾਣ ਸਕਦੇ ਹਨ। ਇੱਥੇ ਸਭ ਤੋਂ ਵੱਡਾ ਸਵਾਲ ਸਾਲਾਂ ਦੇ ਸਾਲ ਬੱਚਿਆਂ ਦਾ ਸਮਾਂ ਨਸ਼ਟ ਹੋਣ ਦਾ ਹੈ, ਉਹ ਸਕੂਲ ਤਾਂ ਆਉਂਦੇ ਹਨ ਪਰ ਸਿੱਖਦੇ ਕੁਝ ਨਹੀਂ। ਪੰਜਾਬ ਦੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਸਾਰੇ ਦੇਸ਼ 'ਚੋਂ ਜ਼ਿਆਦਾ ਤਨਖਾਹ ਮਿਲਦੀ ਹੈ। ਇਹ ਸਹੀ ਹੈ ਕਿ ਉਨ੍ਹਾਂ ਨੂੰ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਵੇਂ ਉਨ੍ਹਾਂ ਨੂੰ ਕਈ ਹੋਰ ਕੰਮਾਂ ਲਈ ਤਾਇਨਾਤ ਕੀਤਾ ਜਾਂਦਾ ਹੈ, ਕਈਆਂ ਨੂੰ ਸਕੂਲਾਂ ਵਿਚ ਪਹੁੰਚਣ ਲਈ ਲੰਮਾ ਸਫ਼ਰ ਤੈਅ ਕਰਨਾ ਪੈਂਦਾ ਹੈ, ਉਨ੍ਹਾਂ ਤੋਂ ਕਲੈਰੀਕਲ ਕੰਮ ਲਿਆ ਜਾਂਦਾ ਹੈ, ਅਧਿਆਪਕਾਂ ਦੀਆਂ ਅਸਾਮੀਆਂ ਸਮੇਂ ਸਿਰ ਨਹੀਂ ਭਰੀਆਂ ਜਾਂਦੀਆਂ ਆਦਿ ਪਰ ਇਸ ਸਭ ਕੁਝ ਦੇ ਬਾਵਜੂਦ ਇਹ ਕਲਪਨਾ ਕਰਨੀ ਮੁਸ਼ਕਿਲ ਹੈ ਕਿ ਕੁਝ ਵਿਦਿਆਰਥੀ ਪੰਜਾਬੀ ਵੀ ਨਾ ਪੜ੍ਹ ਸਕਣ ਅਤੇ ਹਿਸਾਬ ਦੇ ਸਰਲ ਸਵਾਲ ਵੀ ਹੱਲ ਨਾ ਕਰ ਸਕਣ। ਸਾਡਾ ਧਿਆਨ ਵਾਰ ਵਾਰ ਇਸ ਤੱਥ ਵੱਲ ਵੀ ਦਿਵਾਇਆ ਜਾਂਦਾ ਹੈ ਕਿ ਸਰਕਾਰੀ ਸਕੂਲਾਂ ਵਿਚ ਸਿਰਫ਼ ਉਨ੍ਹਾਂ ਮਾਪਿਆਂ ਦੇ ਬੱਚੇ ਪੜ੍ਹਦੇ ਹਨ ਜਿਹੜੇ ਘੱਟ ਸਾਧਨਾਂ ਕਰ ਕੇ ਉਨ੍ਹਾਂ ਨੂੰ ਨਿੱਜੀ (ਪ੍ਰਾਈਵੇਟ) ਖੇਤਰ ਦੇ ਸਕੂਲਾਂ ਵਿਚ ਨਹੀਂ ਪੜ੍ਹਾ ਸਕਦੇ।

ਪੰਜਾਬ ਸਰਕਾਰ ਨੇ ਪਹਿਲੀ ਦਸੰਬਰ 2023 ਤੋਂ ਸਕੂਲੀ ਸਿੱਖਿਆ ਨੂੰ ਹੁਲਾਰਾ ਦੇਣ ਲਈ 'ਮਿਸ਼ਨ ਸਮਰੱਥ' ਸ਼ੁਰੂ ਕੀਤਾ ਹੈ। ਦੱਸਿਆ ਗਿਆ ਹੈ ਕਿ ਇਹ ਮਿਸ਼ਨ ਦਿੱਲੀ ਵਿਚ ਆਮ ਆਦਮੀ ਪਾਰਟੀ ਵੱਲੋਂ ਸਕੂਲਾਂ ਵਿਚ ਸਿੱਖਿਆ ਦੇ ਮਿਆਰ ਸੁਧਾਰਨ ਵਿਚ ਕੀਤੀਆਂ ਗਈਆਂ ਪਹਿਲਕਦਮੀਆਂ ਦੀਆਂ ਪੈੜਾਂ 'ਤੇ ਚੱਲੇਗਾ। ਦਿੱਲੀ ਸਰਕਾਰ ਨੇ 2015 ਵਿਚ ਆਪਣੀ ਤਰਜੀਹ 'ਸਭ ਤੋਂ ਪਹਿਲਾਂ ਸਿੱਖਿਆ/ਪੜ੍ਹਾਈ' ਮਿਥੀ ਸੀ ਜਿਸ ਦੀਆਂ ਪ੍ਰਾਪਤੀਆਂ ਕਾਫ਼ੀ ਪ੍ਰਭਾਵਸ਼ਾਲੀ ਹਨ। ਉਪਰੋਕਤ ਸਰਵੇਖਣ ਦੱਸਦਾ ਹੈ ਕਿ 'ਮਿਸ਼ਨ ਸਮਰੱਥ' ਨੂੰ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਸਭ ਤੋਂ ਵੱਡੀ ਜ਼ਰੂਰਤ ਅਧਿਆਪਕਾਂ ਵਿਚ ਆਪਣੇ ਵਿਦਿਆਰਥੀਆਂ ਪ੍ਰਤੀ ਵਚਨਬੱਧਤਾ ਪੈਦਾ ਕਰਨ ਦੀ ਹੈ। ਪੰਜਾਬ ਸਰਕਾਰ ਤੇ ਸਮਾਜ ਨੂੰ ਇਸ ਸੰਕਟ ਬਾਰੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਜ਼ਰੂਰਤ ਹੈ।

# ਟੀ.ਪੀ.ਏ.ਆਰ. ਕਲੱਬ ਨੇ ਸਲਾਨਾ ਸਮਾਰੋਹ ਵਿਚ ਕ੍ਰਿਸਮਸ ਤੇ ਨਵੇਂ ਸਾਲ ਦੀ ਆਮਦ ਦੀਆਂ ਖ਼ੁਸ਼ੀਆਂ ਸਾਂਝੀਆ ਕੀਤੀਆਂ

## ਐੱਮ.ਪੀ. ਮਨਿੰਦਰ ਸਿੱਧੂ, ਡਿਪਟੀ ਮੇਅਰ ਹਰਕੀਰਤ ਸਿੰਘ ਤੇ ਸਕੂਲ-ਟਰੱਸਟੀ ਸੱਤਪਾਲ ਜੌਹਲ ਨੇ ਕੀਤੀ ਸ਼ਿਰਕਤ






ਮਿਸੀਸਾਗਾ, (ਡਾ. ਝੰਡ) - ਸਰੀਰਕ ਤੇ ਮਾਨਸਿਕ ਸਿਹਤ ਸੰਭਾਲ ਦਾ ਅਮਲੀ ਤੌਰ 'ਤੇ ਸੁਨੇਹਾ ਦੇ ਰਹੀ ਬਰੈਂਪਟਨ ਵਿਚ ਪਿਛਲੇ ਦਸ ਸਾਲਾਂ ਤੋਂ ਸਰਗ਼ਰਮ 'ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ' (ਟੀ.ਪੀ.ਏ.ਆਰ. ਕਲੱਬ) ਨੇ ਆਪਣਾ ਸਲਾਨਾ ਸਮਾਰੋਹ ਲੰਘੇ ਸ਼ਨੀਵਾਰ 23 ਦਸੰਬਰ ਨੂੰ ਮਿਸੀਸਾਗਾ ਸਥਿਤ ਗਰੇਟਰ ਟੋਰਾਂਟੋ ਮੌਰਗੇਜ' (ਜੀ.ਟੀ.ਐੱਮ.) ਆਫ਼ਿਸ ਦੇ ਪਿਛਲੇ ਹਿੱਸੇ ਵਿਚ ਬਣੇ ਹਾਲ ਵਿਚ ਬੜੀਆਂ ਖ਼ੁਸ਼ੀਆਂ ਤੇ ਚਾਵਾਂ ਨਾਲ ਡਿਨਰ ਦੇ ਰੂਪ ਵਿਚ ਮਨਾਇਆ। ਬਰੈਂਪਟਨ ਈਸਟ ਦੇ ਮੈਂਬਰ ਪਾਰਲੀਮੈਂਟ ਮਨਿੰ-ਦਰ ਸਿੱਧੂ, ਬਰੈਂਪਟਨ ਸਿਟੀ ਕੌਂਸਲ ਦੇ ਡਿਪਟੀ ਮੇਅਰ ਹਰਕੀਰਤ ਸਿੰਘ ਅਤੇ ਵਾਰਡ 9-10 ਦੇ ਸਕੂਲ-ਟਰੱਸਟੀ ਤੇ ਪੀਲ ਡਿਸਟ੍ਰਿਕਟ ਸਕੂਲ ਬੋਰਡ ਦੇ ਵਾਈਸ-ਚੇਅਰਮੈਨ ਸੱਤਪਾਲ ਸਿੰਘ ਜੌਹਲ ਨੇ ਇਸ ਮੌਕੇ ਉਚੇਚੇ ਤੌਰ 'ਤੇ ਪਹੁੰਚ ਕੇ ਕਲੱਬ ਦੇ ਮੈਂਬਰਾਂ ਨਾਲ ਕ੍ਰਿਸਮਸ ਦੇ ਤਿਓਹਾਰ ਅਤੇ ਨਵੇਂ ਸਾਲ 2024 ਦੀ ਸ਼ੁਭ-ਆਮਦ ਦੀਆਂ ਖ਼ੁਸ਼ੀਆਂ ਸਾਂਝੀਆਂ ਕੀਤੀਆਂ।

ਇਸ ਦੌਰਾਨ ਆਪਣੇ ਸੰਬੋਧਨਾਂ ਵਿਚ ਜਿੱਥੇ ਮਨਿੰਦਰ ਸਿੱਧੂ ਨੇ ਫ਼ੈੱਡਰਲ ਸਰਕਾਰ ਦੀਆਂ ਅਤੇ ਹਰਕੀਰਤ ਸਿੰਘ ਨੇ ਬਰੈਂਪਟਨ ਦੀ ਸਥਾਨਕ ਸਰਕਾਰ ਦੀਆਂ ਇਸ ਸਾਲ ਦੀਆਂ ਮੁੱਖ ਪ੍ਰਾਪਤੀਆਂ ਦਾ ਸੰਖੇਪ ਵਿਚ ਜ਼ਿਕਰ ਕੀਤਾ, ਉੱਥੇ ਸੱਤਪਾਲ ਜੌਹਲ ਨੇ ਸਕੂਲੀ ਵਿਦਿਆਰਥੀਆਂ ਦੀਆਂ ਵਿਗੜ ਰਹੀਆਂ ਆਦਤਾਂ ਬਾਰੇ ਮਾਪਿਆਂ ਨੂੰ ਸੁਚੇਤ ਹੋਣ ਬਾਰੇ ਬੇਨਤੀ ਕੀਤੀ। ਉਨ੍ਹਾਂ ਕਿਹਾ ਕਿ ਮਾਪਿਆਂ ਵੱਲੋਂ ਵਿਦਿਆਰਥੀਆਂ ਨੂੰ ਸਕੂਲਾਂ ਵਿਚ ਲਿਜਾਣ ਲਈ ਫ਼ੋਨ ਬਿਲਕੁਲ ਨਹੀਂ ਦੇਣੇ ਚਾਹੀਦੇ ਅਤੇ ਘਰਾਂ ਵਿਚ ਵੀ ਉਨ੍ਹਾਂ ਵੱਲੋਂ ਵਰਤੇ ਜਾਣ ਵਾਲੇ ਫ਼ੋਨਾਂ ਦੀ ਨਿਗਰਾਨੀ ਰੱਖਣੀ ਚਾਹੀਦੀ ਹੈ।



ਡਾ. ਸੁਖਦੇਵ ਸਿੰਘ ਝੰਡ ਨੇ ਇਸ ਮੌਕੇ ਬੋਲਦਿਆਂ ਟੀਪੀਏਆਰ ਕਲੱਬ ਦੀਆਂ ਬਰੈਂਪਟਨ ਅਤੇ ਇਸ ਦੇ ਦੂਰ ਨੇੜੇ ਦੇ ਸ਼ਹਿਰਾਂ ਵਿਚ ਹੋਣ ਵਾਲੇ ਦੌੜਾਂ ਦੇ ਈਵੈਂਟਸ ਵਿਚ ਸਰਗ਼ਰਮੀ ਨਾਲ ਹਿੱਸਾ ਲੈਣ ਅਤੇ ਇਸ ਦੀ ਦਿਨੋਂ-ਦਿਨ ਵੱਧ ਰਹੀ ਲੋਕਪ੍ਰੀਅਤਾ ਬਾਰੇ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਇਸ ਸਾਲ ਜੁਲਾਈ ਮਹੀਨੇ ਬਰੈਂਪਟਨ ਦੀਆਂ ਅੱਠ ਸਹਿਯੋਗੀ ਜੱਥੇਬੰਦੀਆਂ ਵੱਲੋਂ ਕਰਵਾਏ ਗਏ 'ਇੰਸਪੀਰੇਸ਼ਨਲ ਸਟੈੱਪਸ-2023' ਈਵੈਂਟ ਵਿਚ ਟੀਪੀਏਆਰ ਕਲੱਬ ਮੁੱਖ ਹਿੱਸੇਦਾਰ ਸੀ ਅਤੇ ਅਗਲੇ ਸਾਲ 19 ਮਈ ਨੂੰ ਹੋਣ ਵਾਲੀ 'ਇੰਸਪੀਰੇਸ਼ਨਲ ਸਟੈੱਪਸ-2024' ਵਿਚ ਵੀ ਉਹ ਆਪਣੀ ਮੁੱਖ ਭੂਮਿਕਾ ਨਿਭਾਏਗੀ। ਉਨ੍ਹਾਂ ਨਵੇਂ ਸਾਲ ਬਾਰੇ ਆਪਣੀ ਵਿਅੰਗਾਤਮਿਕ ਕਵਿਤਾ 'ਸਾਡਾ ਕਾਹਦਾ ਨਵਾਂ ਸਾਲ' ਵੀ ਸੁਣਾਈ। ਕਲੱਬ ਦੇ ਮੈਂਬਰ ਜੱਸੀ ਭੁੱਲਰ ਵੱਲੋਂ ਵੀ ਅੱਜ ਦੇ ਹਾਲਾਤ ਬਾਰੇ ਆਪਣੀ ਕਵਿਤਾ ਪੇਸ਼ ਕੀਤੀ ਗਈ।

ਇਸ ਮੌਕੇ ਕਲੱਬ ਦੇ ਸਰਗ਼ਰਮ ਮੈਂਬਰਾਂ ਮੈਰਾਥਨ-ਰੱਨਰ 65-ਸਾਲਾ ਧਿਆਨ ਸਿੰਘ ਸੋਹਲ ਅਤੇ ਸੀ. ਐੱਨ. ਟਾਵਰ ਦੀਆਂ 1776 ਪੌੜੀਆਂ 18 ਮਿੰਟ 23 ਸਕਿੰਟਾਂ ਵਿਚ ਚੜ੍ਹਨ ਵਾਲੇ 71-ਸਾਲਾ ਸੁਰਿੰਦਰ ਸਿੰਘ ਨਾਗਰਾ ਨੂੰ ਸ਼ਾਨਦਾਰ ਜੈਕਟਾਂ ਦੇ ਕੇ ਕਲੱਬ ਵੱਲੋਂ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੂੰ ਸਨਮਾਨਿਤ ਕਰਨ ਦੀ ਇਹ ਰਸਮ ਡਿਪਟੀ ਮੇਅਰ ਹਰਕੀਰਤ ਸਿੰਘ ਅਤੇ ਸਕੂਲ-ਟਰੱਸਟੀ ਸੱਤਪਾਲ ਜੌਹਲ ਵੱਲੋਂ ਕਲੱਬ ਦੇ ਅਹੁਦੇਦਾਰਾਂ ਤੇ ਸੀਨੀਅਰ ਮੈਂਬਰਾਂ ਵੱਲੋਂ ਮਿਲ ਕੇ ਨਿਭਾਈ ਗਈ।

ਸੁਰਿੰਦਰ ਸਿੰਘ ਨਾਗਰਾ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਮੰਚ ਦਾ ਸੰਚਾਲਨ ਕਰ ਰਹੇ ਮਨਜੀਤ ਨੋਟਾ ਨੇ ਦੱਸਿਆ ਕਿ ਜਿਉਂ-ਜਿਉਂ ਸੁਰਿੰਦਰ ਨਾਗਰਾ ਦੀ ਉਮਰ ਵੱਧਦੀ ਜਾ ਰਹੀ ਹੈ, ਤਿਉਂ-ਤਿਉਂ ਉਨ੍ਹਾਂ ਵਿਚ ਚੁਸਤੀ-ਫੁਰਤੀ ਦਾ ਵਾਧਾ ਹੋ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸੁਰਿੰਦਰ ਨਾਗਰਾ ਨੇ 13 ਅਪ੍ਰੈਲ 2019 ਨੂੰ ਸੀ.ਐੱਨ. ਟਾਵਰ ਦੀਆਂ ਪੌੜੀਆਂ 19 ਮਿੰਟ 48 ਸਕਿੰਟਾਂ ਵਿਚ ਚੜ੍ਹੀਆਂ ਅਤੇ ਉਹ ਇਸ ਈਵੈਂਟ ਵਿਚ 3345 ਵਿਅੱਕਤੀਆਂ ਵਿਚੋਂ 640'ਵੇਂ ਸਥਾਨ 'ਤੇ ਰਹੇ। ਇਸ ਸਾਲ ਅਪ੍ਰੈਲ 2023 ਵਿਚ ਉਨ੍ਹਾਂ ਨੇ ਇਹ 19 ਮਿੰਟ 22 ਸਕਿੰਟਾਂ ਵਿਚ ਚੜ੍ਹ ਕੇ 2771 ਵਿਅੱਕਤੀਆਂ ਵਿੱਚੋਂ 391'ਵਾਂ ਸਥਾਨ ਪ੍ਰਾਪਤ ਕੀਤਾਂ ਅਤੇ ਏਸੇ ਸਾਲ ਅਕੂਬਰ 2023 ਨੂੰ 18 ਮਿੰਟ 24 ਸਕਿੰਟਾਂ ਵਿਚ ਚੜ੍ਹ ਕੇ 2127 ਵਿਅੱਕਤੀਆਂ ਵਿਚੋਂ 233'ਵੇਂ ਸਥਾਨ 'ਤੇ ਆ ਕੇ ਨਾ ਕੇਵਲ ਆਪਣਾ ਹੀ ਰਿਕਾਰਡ ਤੋੜਿਆ, ਸਗੋਂ ਇਸ ਨਾਲ ਇਹ ਵੀ ਸਾਬਤ ਕਰ ਦਿੱਤਾ ਕਿ ਉਮਰ ਦੇ ਵੱਧਣ ਨਾਲ ਮਨੁੱਖੀ ਸਰੀਰ ਨੂੰ ਹੋਰ ਵੀ ਰਿਸ਼ਟ-ਪੁਸ਼ਟ ਅਤੇ ਤੰਦਰੁਸਤ ਰੱਖਿਆ ਜਾ ਸਕਦਾ ਹੈ। ਇਸ ਮੌਕੇ ਕਲੱਬ ਵੱਲੋਂ ਇਸ ਮੌਕੇ ਖਾਣ-ਪੀਣ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ ਅਤੇ ਹੱਸਣ-ਖੇਡਣ ਅਤੇ ਖ਼ੁਸੀਆਂ ਮਨਾਉਣ ਦਾ ਇਹ ਸਿਲਸਿਲਾ ਕਾਫ਼ੀ ਦੇਰ ਤੱਕ ਚੱਲਦਾ ਰਿਹਾ।



ਇੱਥੇ ਇਹ ਜ਼ਿਕਰਯੋਗ ਹੈ ਕਿ ਇਸ ਕਲੱਬ ਦੀਆਂ ਸਰਗ਼ਰਮੀਆਂ ਨੂੰ ਬਹੁਤ ਸਾਰੇ ਬਿਜ਼ਨੈੱਸ-ਅਦਾਰਿਆਂ ਵੱਲੋਂ ਹੱਲਾਸ਼ੇਰੀ ਦੇ ਕੇ ਲਗਾਤਾਰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਜਿੱਥੇ ਜੀ.ਟੀ.ਐੱਮ. ਰੌਜਰਜ਼ ਟਾਇਰ ਅਤੇ ਹੋਰ ਕਈ ਬਿਜ਼ਨੈੱਸ ਅਦਾਰੇ ਪਿਛਲੇ ਕਈ ਸਾਲਾਂ ਤੋਂ ਇਸ ਦੀ ਲਗਾਤਾਰ ਹੌਸਲਾ-ਅਫ਼ਜ਼ਾਈ ਕਰ ਰਹੇ ਹਨ, ਉੱਥੇ ਇਸ ਸਾਲ 'ਲਾਇਟੋ ਇੰਮੀਗਰੇਸ਼ਨ ਲਿਮਿਟਡ' ਦੇ ਵਿਸ਼ਾਲ ਸੈਣੀ, 'ਵਾਈਟਕਲਿੱਫ਼ ਹੋਮਜ਼' ਦੇ ਗੁਰਪ੍ਰੀਤ ਬੈਂਸ, 'ਕੌਨਿਕਸ ਇੰਨਸ਼ੋਅਰੈਂਸ' ਦੇ ਤਜਿੰਦਰ ਬੇਦੀ ਅਤੇ 'ਐੱਕਸਲ ਇੰਨਸ਼ੋਅਰੈਂਸ' ਦੇ ਕੁਲਦੀਪ ਸਿੰਘ ਚਾਹਲ ਜਿਨ੍ਹਾਂ ਦਾ ਬੇਟਾ ਤਰਨਪ੍ਰੀਤ ਚਾਹਲ ਪੀ.ਸੀ. ਪਾਰਟੀ ਵੱਲੋਂ ਅਗਲੀ ਐੱਮ.ਪੀ. ਚੋਣ ਲਈ ਬਰਲਿੰਗਟਨ ਤੋਂ ਨੌਮੀਨੇਸ਼ਨ ਲਈ ਚੋਣ ਲੜ ਰਿਹਾ ਹੈ, ਨੇ ਵੀ ਇਸ ਹੱਲਾਸ਼ੇਰੀ ਵਿਚ ਭਰਪੂਰ ਹਿੱਸਾ ਪਾਇਆ।



